# ਉਪਦੇਸ਼ ਰਤਨ ਕੋਸ਼

(ਅੰਰਧ-ਮਾਗਧੀ ਪ੍ਰਾਕ੍ਰਿਤ ਭਾਸ਼ਾ ਗ੍ਰੰਥ)

ਮੂਲ ਲੇਖਕ :

**ਜੈਨ ਆਚਾਰਿਆ ਪਦਮ ਜਿਨੇਸ਼ਵਰ ਸੂਰੀ ਜੀ ਮਹਾਰਾਜ**

ਅਨੁਵਾਦਕ :

**ਪੁਰਸ਼ੋਤਮ ਜੈਨ - ਰਵਿੰਦਰ ਜੈਨ**

ਪ੍ਰਕਾਸ਼ਕ

26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ ਸੰਯੋਜਿਕਾ ਸਮਿਤਿ ਪੰਜਾਬ

ਮਹਾਵੀਰ ਸਟਰੀਟ, ਪੁਰਾਣਾ ਬਸ ਸਟੈਂਡ

ਮਾਲੇਰਕੋਟਲਾ - 148023

# ਪੁਸਤਕ ਦੇ ਬਾਰੇ

ਸੰਸਾਰ ਦੇ ਪੁਰਾਤਨ ਧਰਮਾਂ ਵਿਚ ਜੈਨ ਧਰਮ ਦੀ ਆਪਣੀ ਵੱਖਰੀ ਪਹਿਚਾਣ ਹੈ। ਜੈਨ ਸਾਹਿਤ, ਸੰਸਕ੍ਰਿਤੀ, ਸਿਧਾਂਤ, ਦਰਸ਼ਨ, ਭਾਸ਼ਾ, ਇਤਿਹਾਸ ਅਤੇ ਮਾਨਤਾਵਾਂ ਇਸ ਨੂੰ ਨਵੇਕਲੀ ਪਹਿਚਾਣ ਦਿੰਦੀਆਂ ਹਨ। ਜੈਨ ਧਰਮ ਦੇ ਦੋ ਪ੍ਰਮੁੱਖ ਫਿਰਕੇ ਹਨ (1) ਸ਼ਵੇਤਾਂਵਰ (2) ਦਿਗੰਬਰ। ਸ਼ਵੇਤਾਂਵਰ ਫਿਰਕੇ ਦੇ ਤਿੰਨ ਪ੍ਰਮੁੱਖ ਫਿਰਕੇ ਹਨ : ਮੂਰਤੀ ਪੂਜਕ ਅਤੇ ਅਮੂਰਤੀ ਪੂਜਕ। ਅਮੂਰਤੀ ਪੂਜਕਾਂ ਦੇ ਦੋ ਭੇਦ ਹਨ : ਸਥਾਨਕ ਵਾਸੀ ਅਤੇ ਤੇਰਾਂਪੰਥੀ। ਸ਼ਵੇ ਤਾਂਵਰ ਜੈਨ ਮੂਰਤੀਪੂਜਕ ਵਿਚ ਅਨੇਕ ਗੱਛ ਹਨ। ਹਰ ਗੱਛ ਦਾ ਆਪਣਾ ਆਚਾਰਿਆ ਹੁੰਦਾ ਹੈ। ਇਨ੍ਹਾਂ ਗੱਛਾਂ ਵਿਚੋਂ ਪ੍ਰਮੁੱਖ ਅਤੇ ਪ੍ਰਾਚੀਨ ਗੱਛ ''ਖਰਤਰ ਗੱਛ'' ਹੈ। ਇਸ ਗੱਛ ਨੇ ਸਭ ਤੋਂ ਵੱਧ ਵਿਦਵਾਨ ਪੈਦਾ ਕੀਤੇ ਹਨ। ਪਦਮਜਿਨੇਸ਼ਵਰ ਸੂਰੀ ਕਦੋਂ ਅਤੇ ਕਿੱਥੇ ਹੋਏ, ਉਨ੍ਹਾਂ ਬਾਰੇ ਖਾਸ ਜਾਣਕਾਰੀ ਨਹੀਂ ਹੈ। 1920 ਵਿਚ ਉਪਦੇਸ਼ ਰਤਨ ਕੋਸ਼ ਨਾਂ ਦਾ ਗ੍ਰੰਥ ਪ੍ਰਕਾਸ਼ਿਤ ਹੋਇਆ। ਇਸ ਦਾ ਪਹਿਲਾ ਗੁਜਰਾਤੀ ਅਤੇ ਹਿੰਦੀ ਅਨੁਵਾਦ ਪ੍ਰਕਾਸ਼ਿਤ ਹੋਇਆ। ਇਸ ਗ੍ਰੰਥ ਵਿਚ ਜੀਵਨ ਉਪਯੋਗੀ ਉਪਦੇਸ਼ ਦਿੱਤੇ ਗਏ ਹਨ। ਇਸ ਸੰਖੇਪ ਗ੍ਰੰਥ ਦੀ ਭਾਸ਼ਾ ਅਰਧ ਮਾਗਧੀ ਪ੍ਰਾਕ੍ਰਿਤ ਭਾਸ਼ਾ ਹੈ। ਲੇ ਖਕ ਨੇ ਗਾਗਰ ਵਿਚ ਸਾਗਰ ਇਕ ਕਰ ਦਿੱਤਾ ਹੈ। ਜਾਪਦਾ ਹੈ ਕਿ ਲੇ ਖਕ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਭਾਸ਼ਾ ਦੇ ਮਹਾਨ ਵਿਦਵਾਨ ਸਨ। ਪੰਜਾਬੀ ਪਾਠਕਾਂ ਲਈ ਇਸ ਦਾ ਪੰਜਾਬੀ ਅਨੁਵਾਦ ਅਸੀਂ ਪ੍ਰਕਾਸ਼ਿਤ ਕੀਤਾ ਹੈ। ਆਸ ਹੈ ਕਿ ਸੂਝਵਾਨ ਪਾਠਕ ਇਸ ਨੂੰ ਪਸੰਦ ਕਰਨਗੇ।

ਸ਼ੁਭਚਿੰਤਕ

31-03-05 ਪੁਰਸ਼ੋਤਮ ਜੈਨ

ਮਾਲੇਰਕੋਟਲਾ। ਰਵਿੰਦਰ ਜੈਨ

ਇਸ ਗ੍ਰੰਥ ਦੇ ਸ਼ੁਰੂ ਵਿਚ ਆਚਾਰਿਆ ਸ੍ਰੀ ਪਦਮ ਜਿਨੇਸ਼ਵਰ ਸੁਰੀ ਜੀ ਨੇ ਪਹਿਲਾਂ ਮੰਗਲਾਚਰਨ ਕਰਦੇ ਆਖਦੇ ਹਨ ਕਿਉਂਕਿ ਕਿਸੇ ਵੀ ਸ਼ੁਭ ਕੰਮ ਤੋਂ ਪਹਿਲਾਂ ਮੰਗਲਾਚਰਨ ਜ਼ਰੂਰੀ ਹੈ ਅਤੇ ਇਸ਼ਟ ਦਾ ਆਸ਼ੀਰਵਾਦ ਪ੍ਰਾਪਤ ਕਰਨਾ ਜ਼ਰੂਰੀ ਹੈ। ਇਸੇ ਕਾਰਨ ਆਚਾਰਿਆ ਸ੍ਰੀ ਪਦਮ ਜਿਨੇਸ਼ਵਰ ਸੁਰੀ ਜੀ ਨੇ ਭਗਵਾਨ ਮਹਾਵੀਰ ਨੂੰ ਬੰਦਨਾ, ਨਮਸਕਾਰ ਕਰਦੇ ਹੋਏ ਆਖਦੇ ਹਨ

उवएस रयणकोसं नासिअ नीसेस लोग दोगच्चं ।
उवएस रयण मालं वुच्छं नमिउण वीर जिणं ।।१।।

ਸ਼ਲੋਕ । : "ਜਿਸ ਨੇ ਸਾਰੇ ਸੰਸਾਰ ਦੇ ਦਰਿਦਰ ਦਾ ਨਾਸ਼ ਕਰ ਦਿੱਤਾ ਹੈ, ਉਸ ਭਗਵਾਨ ਮਹਾਵੀਰ ਨੂੰ ਨਮਸਕਾਰ ਕਰਕੇ ਮੈਂ ਉਪਦੇਸ਼ ਦੇ ਫੁੱਲਾਂ ਦਾ ਵਚਨ ਰਾਹੀਂ ਬਣਾਇਆ ਹਾਰ ਉਪਦੇਸ਼ ਸੰਗ੍ਰਹਿ ਗ੍ਰੰਥ ਆਖਦਾ ਹਾਂ।"

ਟੀਕਾ : ਸੰਸਾਰ ਦੇ ਜੀਵਾਂ ਦੇ ਸੁੱਖ ਲਈ ਇਹ ਉਪਦੇਸ਼ ਗ੍ਰੰਥ ਦੀ ਰਚਨਾ ਕੀਤੀ ਗਈ ਹੈ। ਸੰਸਾਰ ਦੇ ਸਾਰੇ ਸੁੱਖਾਂ ਦੇ ਮਾਲਕ ਆਖ਼ਰੀ ਤੀਰਥੰਕਰ ਭਗਵਾਨ ਮਹਾਵੀਰ ਹਨ। ਇਸ ਲਈ ਮੈਂ ਭਗਵਾਨ ਮਹਾਵੀਰ ਨੂੰ ਪ੍ਰਣਾਮ ਕਰਨਾ ਆਪਣਾ ਕਰਤੱਵ ਸਮਝਦਾ ਹਾਂ। ਸੱਚਾ ਸੁੱਖ ਪ੍ਰਮਾਤਮਾ ਦੇ ਨਾਮ ਵਿਚ ਹੈ। ਪ੍ਰਭੂ ਦੇ ਨਾਮ ਦੇ ਜਾਪ ਨਾਲ ਮਨ ਵਿਚ ਉਤਪਨ ਵਿਸ਼ੈ-ਵਿਕਾਰ ਸਮਾਪਤ ਹੋ ਜਾਂਦੇ ਹਨ। ਇਸ ਲਈ ਪ੍ਰਮਾਤਮਾ ਦਾ ਨਾਂ ਕਿਸੇ ਵੀ ਕੰਮ ਨੂੰ

ਸ਼ੁਰੂ ਕਰਨ ਤੋਂ ਪਹਿਲਾਂ ਜ਼ਰੂਰੀ ਹੈ।

ਆਚਾਰਿਆ ਸ਼੍ਰੀ ਪਦਮ ਜਿਨੇਸ਼ਵਰ ਸੂਰੀ ਨੇ ਆਪਣੇ ਵਚਨਾਂ ਨੂੰ ਫੁੱਲਾਂ ਦੇ ਹਾਰ ਦੀ ਉਪਮਾ ਦਿੱਤੀ ਹੈ ਕਿ ਸੱਚਾ ਉਪਦੇਸ਼ ਫੁੱਲਾਂ ਦੇ ਹਾਰ ਤੋਂ ਵੀ ਵਧ ਕੇ ਹੈ। ਸੰਸਾਰ ਦੇ ਫੁੱਲ ਤਾਂ ਸਮਾਂ ਪਾ ਕੇ ਕੁਮਲਾ ਜਾਂਦੇ ਹਨ ਪਰ ਵੀਤਰਾਗ ਰਾਹੀਂ ਦਿੱਤਾ ਉਪਦੇਸ਼ ਕਦੇ ਪੁਰਾਣਾ ਨਹੀਂ ਹੁੰਦਾ। ਅਰਿਹੰਤ ਪ੍ਰਮਾਤਮਾ ਦਾ ਉਪਦੇਸ਼ ਗ੍ਰਹਿਣ ਕਰਨਯੋਗ ਹੈ।

## ਧਰਮ ਦਾ ਰਹੱਸ

जीव दयाइं रमिज्झइ इंदियवग्गो दमिज्जइ सया वि ।

सच्चं चेव चविज्जइ धम्मस्स रहस्स मिण मेव ।।२।।

ਸਲੋਕ 2 : ਜੀਵਾਂ ਪ੍ਰਤੀ ਦਿਆ ਵਿਚ ਮਹਾਨ ਰਹਿਣਾ, ਇੰਦਰੀਆਂ ਦੇ ਵਿਸ਼ੈ-ਵਿਕਾਰਾਂ ਤੇ ਕਾਬੂ ਪਾਉਣਾ ਅਤੇ ਸੱਚ ਬੋਲਣਾ ਇਹ ਧਰਮ ਦਾ ਰਹੱਸ (ਭੇਦ) ਹੈ।

ਟੀਕਾ : ਆਚਾਰਿਆ ਸ਼੍ਰੀ ਨੇ ਸਭ ਤੋਂ ਪਹਿਲਾਂ ਜੀਵ ਦੀ ਮੁੱਢਲੀ ਜ਼ਰੂਰਤ ਧਰਮ ਦੇ ਰਹੱਸ ਨੂੰ ਸਮਝਾਇਆ ਹੈ। ਆਚਾਰਿਆ ਜੀ ਫੁਰਮਾਉਂਦੇ ਹਨ ਕਿ ਸਾਰੇ ਧਰਮ ਦਾ ਸਾਰ ਤਿੰਨ ਗੱਲਾਂ ਵਿਚ ਆ ਜਾਂਦਾ ਹੈ। (1) ਜੀਵ ਪ੍ਰਤੀ ਰਹਿਮ ਕਰਨਾ (2) ਇੰਦਰੀਆਂ ਦੇ ਵਿਸ਼ੈ-ਵਿਕਾਰਾਂ ਤੇ ਕਾਬੂ ਕਰਨਾ (3) ਸਦਾ ਸੱਚ ਬੋਲਣਾ। ਜੀਵ ਪ੍ਰਤੀ ਰਹਿਮਦਿਲੀ ਵਿਚ ਅਹਿੰਸਾ ਦਾ ਸਾਰ ਆ ਜਾਂਦਾ

ਹੈ। ਆਚਾਰਾਂਗ ਸੂਤਰ ਵਿਚ ਭਗਵਾਨ ਮਹਾਵੀਰ ਨੇ ਫੁਰਮਾਇਆ ਹੈ, ''ਸਭ ਪ੍ਰਾਣੀ ਜੀਉਣਾ ਚਾਹੁੰਦੇ ਹਨ। ਮਰਨਾ ਕੋਈ ਨਹੀਂ ਚਾਹੁੰਦਾ। ਗਿਆਨੀ ਹੋਣ ਦਾ ਸਾਰ ਹੈ ਕਿਸੇ ਜੀਵ ਦੀ ਹੱਤਿਆ ਨਾ ਕਰਨਾ। ਗਿਆਨੀ ਪੁਰਸ਼ ਨੂੰ ਚਾਹੀਦਾ ਹੈ ਕਿ ਕਿਸੇ ਵੀ ਜੀਵ ਨੂੰ ਆਪਣੇ ਅਧੀਨ ਨਾ ਬਣਾਵੇ।''

ਦਿਆਲੂ ਮਨੁੱਖ ਮਾਨਵਤਾ ਲਈ ਵਰਦਾਨ ਹੁੰਦਾ ਹੈ। ਉਹ ਦੂਸਰੇ ਦੇ ਦੁੱਖ ਨੂੰ ਆਪਣਾ ਦੁੱਖ ਮੰਨਦਾ ਹੈ। ਗਰੀਬਾਂ ਦੀ ਸਹਾਇਤਾ ਕਰਦਾ ਹੈ। ਇੰਦਰੀਆਂ ਦੇ ਵਿਸ਼ਿਆਂ ਤੇ ਕਾਬੂ ਰੱਖਣਾ ਧਰਮ ਦਾ ਦੂਸਰਾ ਭੇਦ ਹੈ। ਵਰਨ, ਗੰਧ, ਰਸ, ਸਪਰਸ਼ ਤੇ ਸ਼ਬਦ ਪੰਜ ਇੰਦਰੀਆਂ ਦੇ ਵਿਸ਼ੇ ਹਨ। ਮਨ, ਬੁੱਧੀ ਤੇ ਆਤਮਾ ਤਿੰਨੇ ਮਿਲ ਕੇ ਮਨੁੱਖ ਬਣਦਾ ਹੈ। ਇੰਦਰੀਆਂ ਹਥਿਆਰਨ ਹਨ। ਚੰਗੇ-ਮਾੜੇ ਕੰਮਾਂ ਵਿਚ ਲੱਗਾ ਮਨ ਹੈ। ਇਸ ਲਈ ਮਨ ਨੂੰ ਅਕਲ ਦੇ ਵਸ ਵਿਚ ਰੱਖਣਾ ਚਾਹੀਦਾ ਹੈ। ਜੀਭ, ਨੱਕ, ਕੰਨ, ਚਮੜੀ ਅਤੇ ਅੱਖਾਂ ਪੰਜ ਇੰਦਰੀਆਂ ਹਨ। ਇਨ੍ਹਾਂ ਦੇ ਵਿਸ਼ੇ ਦੇ ਕਾਬੂ ਕਰਨਾ ਇੰਦਰੀਆਂ ਨੂੰ ਜਿੱਤਣਾ ਹੈ। ਮਨ ਨੂੰ ਇਨ੍ਹਾਂ ਇੰਦਰੀਆਂ ਦੇ ਵਿਸ਼ੇ ਵਿਚ ਨਹੀਂ ਫਸਾਉਣਾ ਚਾਹੀਦਾ।

ਧਰਮ ਦਾ ਤੀਸਰਾ ਸਿਧਾਂਤ ਹੈ ਸੱਚ ਬੋਲਣਾ। ਜੋ ਵਿਅਕਤੀ ਸੱਚ ਬੋਲਦਾ ਹੈ ਉਹ ਆਪ ਵੀ ਸਦਾ ਚਿੰਤਾ ਰਹਿਤ ਜੀਵਨ ਗੁਜ਼ਾਰਦਾ ਹੈ ਅਤੇ ਉਸਦਾ ਜੀਵਨ ਹੋਰ ਪ੍ਰਾਣੀਆਂ ਲਈ ਆਦਰਸ਼ ਹੁੰਦਾ ਹੈ। ਸੱਚ ਤੋਂ ਉਲਟ ਝੂਠ ਬੋਲਣ ਵਾਲਾ ਵਿਅਕਤੀ ਆਪਣਾ ਵਿਸ਼ਵਾਸ ਜੀਵਨ ਦੇ ਹਰ ਖੇਤਰ ਵਿਚ ਖ਼ਤਮ ਕਰ ਲੈਂਦਾ ਹੈ। ਸੱਚਾ ਮਨੁੱਖ ਨੈਤਿਕਤਾ ਨਾਲ ਜੀਵਨ ਦੇ ਹਰ ਖੇਤਰ

ਵਿਚ ਸਫਲ ਹੁੰਦਾ ਹੈ। ਝੂਠਾ ਹਰ ਖੇਤਰ ਵਿਚ ਕਦਮ-ਕਦਮ ਤੇ ਨਾ-ਕਾਮਯਾਬ ਹੁੰਦਾ ਹੈ। ਪਰ ਸੱਚ ਦੇ ਸਬੰਧ ਵਿਚ ਇਕ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ, ਉਹ ਹੈ ਕੌੜਾ ਸੱਚ। ਕਦੇ ਵੀ ਉਹ ਸੱਚ ਨਹੀਂ ਬੋਲਣਾ ਚਾਹੀਦਾ, ਜਿਸ ਕਾਰਨ ਕਿਸੇ ਦੀ ਆਤਮਾ ਨੂੰ ਕਸ਼ਟ ਹੋਵੇ। ਇਸ ਸਬੰਧ ਵਿਚ ਦਸ਼ਵੈਕਾਲਿਕ ਸੂਤਰ ਵਿਚ ਆਖਿਆ ਗਿਆ ਹੈ ਕਿ, ''ਸਾਧੂ ਕਦੇ ਵੀ ਕਠੋਰ ਸੱਚ ਨਾ ਬੋਲੇ। ਸਾਧੂ ਅੰਨ੍ਹੇ ਨੂੰ ਅੰਨ੍ਹਾ, ਕਾਣੇ ਨੂੰ ਕਾਣਾ ਆਖ ਕੇ ਉਸ ਦਾ ਦਿਲ ਨਾ ਦੁਖਾਏ। ਜੇ ਅਜਿਹੇ ਵਿਅਕਤੀ ਨੂੰ ਸੰਬੋਧਨ ਕਰਨਾ ਹੋਵੇ ਤਾਂ ਉਸ ਦਾ ਨਾਂ ਲਵੇ ਜਾਂ ਉਸ ਦੇ ਗੋਤ ਦਾ ਨਾਂ ਲਵੇ ਜਾਂ ਉਸ ਨੂੰ 'ਆਰਿਆ' ਆਖ ਕੇ ਬੁਲਾਵੇ।

ਸੋ ਸੱਚ ਦੇ ਸਬੰਧ ਵਿਚ ਅਣੂਵਰਤਾ ਦੀ ਅਤਿਚਾਰਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਉਪਾਸਕ ਦਸ਼ਾਂਗ ਸੂਤਰ ਵਿਚ ਕੁੜੀ ਸਬੰਧੀ, ਕੁਰਸੀ ਸਬੰਧੀ, ਝੂਠੀ ਗਵਾਹੀ, ਜਾਅਲੀ ਦਸਤਾਵੇਜ਼ ਤਿਆਰ ਕਰਨ ਦੀ ਉਪਾਸਕ ਨੂੰ ਮਨਾਹੀ ਹੈ।

ਇਸੇ ਕਾਰਨ ਭਗਵਾਨ ਮਹਾਵੀਰ ਨੇ ਸੱਚ ਨੂੰ ਮਹਾਵਰਤ ਅਤੇ ਅਣੂਵਰਤਾਂ ਦੀ ਸ੍ਰੇਣੀ ਵਿਚ ਕਰਕੇ ਮਾਨਤਾ ਪ੍ਰਦਾਨ ਕੀਤੀ ਹੈ। ਪ੍ਰਸ਼ਨ ਵਿਆਕਰਨ ਸੂਤਰ ਵਿਚ ਸੱਚ ਨੂੰ ਭਗਵਾਨ ਦਾ ਦਰਜਾ ਦਿੱਤਾ ਗਿਆ ਹੈ। ਧਰਮ ਦਾ ਪਰਮਾਰਥ ਵੀ ਕਿਹਾ ਗਿਆ ਹੈ। ਇਸ ਸਬੰਧੀ ਆਚਾਰਿਆ ਜੀ ਅੱਗੋਂ ਫੁਰਮਾਉਂਦੇ ਹਨ :

सीलं न हु खंडिज्जइ न संवसिज्जइ समं कुसीलेहिं ।

गुरू वयणं न खलिज्जइ जइ नज्जइ धम्म परमत्थो ।।३।।

ਸ਼ਲੋਕ 3 : "ਸ਼ੀਲ (ਚਾਰਿਤਰ) ਨੂੰ ਭੰਗ ਨਾ ਕਰਨਾ, ਕੁਸ਼ੀਲ ਤੇ ਚੱਲਣ ਵਾਲੇ ਦਾ ਸਾਥ ਛੱਡਣਾ, ਉਸ ਦਾ ਸਾਥ ਨਾ ਕਰਨਾ ਅਤੇ ਗੁਰੂ ਦੇ ਵਚਨਾਂ ਦਾ ਉਲੰਘਨ ਕਰਨਾ, ਇਨ੍ਹਾਂ ਰੀਤਾਂ ਨਾਲ ਧਰਮ ਦਾ ਪਰਮਾਰਥ ਹੁੰਦਾ ਹੈ। ਅਜਿਹਾ ਯਤੀ (ਸਾਧੂ) ਨੂੰ ਸਮਝਣਾ ਚਾਹੀਦਾ ਹੈ।3।

ਟੀਕਾ : ਧਰਮ ਦਾ ਰਹੱਸ ਸਮਝਾ ਕੇ ਗ੍ਰੰਥਕਾਰ ਨੇ ਧਰਮ ਤੇ ਚੱਲਣ ਦਾ ਰਾਹ ਦੱਸਿਆ ਹੈ। ਇਹ ਪਰਮਾਰਥ ਦਾ ਰਾਹ ਹੈ। ਪਰਮਾਰਥ ਕੀ ਹੈ ? ਉਸ ਬਾਰੇ ਗ੍ਰੰਥਕਾਰ ਨੇ ਦੱਸਿਆ ਹੈ ਕਿ ਸਾਧੂ ਆਪਣੇ ਚਰਿੱਤਰ ਨੂੰ ਸ਼ੁਰੂ ਤੋਂ ਹੀ ਸ਼ੁੱਧ ਰੱਖੇ। ਕਿਸੇ ਮਾੜੇ ਆਦਮੀ ਨੂੰ ਸਾਥੀ ਨਾ ਬਣਾਵੇ, ਜੋ ਉਸ ਨੂੰ ਅਸਲ ਰਾਹ ਤੋਂ ਭੜਕਾ ਦੇਵੇ। ਅਜਿਹੇ ਮਨੁੱਖ ਦੇ ਸਾਥ ਨਾਲ ਚਰਿੱਤਰ ਭੰਗ ਹੁੰਦਾ ਹੈ, ਬੇਇੱਜ਼ਤੀ ਹੁੰਦੀ ਹੈ।

ਗੁਰੂ ਦਾ ਬਚਨ ਮੰਨਣਾ ਹੀ ਸੱਚਾ ਧਰਮ ਹੈ। ਸੰਸਾਰ ਵਿਚ ਗੁਰੂ ਹੀ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਹੈ। ਅਜਿਹਾ ਸ਼ੀਲਵਾਨ ਸਾਧੂ ਕਦੇ ਵੀ ਸੰਸਾਰ ਵਿਚ ਨਿੰਦਾ ਦਾ ਪਾਤਰ ਨਹੀਂ ਬਣਦਾ। ਅੱਗੇ ਗ੍ਰੰਥਕਾਰ ਉਹ ਵਿਧੀ ਦੱਸਦੇ ਹਨ, ਜਿਸ ਤੇ ਚੱਲ ਕੇ ਗਿਆਨੀ ਕਦੇ ਨਿੰਦਾ ਨੂੰ ਪ੍ਰਾਪਤ ਨਹੀ ਹੁੰਦਾ।

चवलं न चंक गिज्जइ विरइज्जइ नेव उव्भड़ो वेरो ।
धंकं न पलो इज्जइ रूट्ठा वि भणंति किं पिसुणा ।।४।।

ਸ਼ਲੋਕ 4 : "ਚਪਲਤਾ (ਤੜਕ-ਭੜਕ) ਨਾਲ ਨਾ ਚੱਲਣਾ, ਨਿੰਦਾ ਕਾਰਨ ਭੇਖ ਧਾਰਨ ਨਹੀਂ ਕਰਨਾ, ਅਤੇ ਤਿਰਛੀ ਨਿਗਾਹ ਨਾ ਨਾਲ ਦੇਖਣਾ। ਅਜਿਹੇ ਗੁਣਾਂ ਦੇ ਧਾਰਕ ਦਾ ਨਿੰਦਕ, ਰੁੱਸ ਕੇ, ਗੁੱਸੇ ਹੋ ਕੇ ਵੀ ਕੁਝ ਨਹੀਂ ਵਿਗਾੜ ਸਕਦਾ ਹੈ। ਕੁਝ ਨਹੀਂ।

ਟੀਕਾ : ਧਰਮ ਤੇ ਆਚਰਣ ਕਰਨ ਵਾਲੇ ਵਿਅਕਤੀ ਦਾ ਬਾਹਰਲਾ ਵਿਵਹਾਰ ਠੀਕ ਹੋਣਾ ਚਾਹੀਦਾ ਹੈ। ਉਸ ਦੀ ਚਾਲ ਤੜਕ ਭੜਕ ਤੋਂ ਰਹਿਤ ਹੋਣੀ ਚਾਹੀਦੀ ਹੈ। ਧਾਰਮਿਕ ਮਨੁੱਖ ਨੂੰ ਬਹੁਰੂਪੀਆਂ ਵਾਂਗ ਕੱਪੜੇ ਨਹੀਂ ਬਦਲਣੇ ਚਾਹੀਦੇ। ਉਸ ਨੂੰ ਆਪਣੇ ਵਿਵੇਕ ਵਿਚ ਰਹਿਣਾ ਚਾਹੀਦਾ ਹੈ। ਉਸ ਨੂੰ ਤਿਰਛੀ ਨਿਗਾਹ ਨਾਲ ਇੱਧਰ-ਉੱਧਰ ਨਹੀਂ ਵੇਖਣਾ ਚਾਹੀਦਾ। ਇਨ੍ਹਾਂ ਗੱਲਾਂ ਨੂੰ ਧਾਰਨ ਕਰਨ ਵਾਲਾ ਜੀਵਨ ਵਿਚ ਨਿੰਦਾ ਦਾ ਪਾਤਰ ਨਹੀਂ ਬਣਦਾ। ਨਿੰਦਕ ਵੀ ਉਸ ਦਾ ਕੁਝ ਨਹੀਂ ਵਿਗਾੜ ਸਕਦਾ।

जियगिज्जइ नियजीहा अविआरिअं नेव किज्जएकज्जं ।
न कुलकम्मो अ लुप्पई कुविओ किं कुणइ कलिकालो ।।५।।

ਸ਼ਲੋਕ 5 : "ਆਪਣੀ ਜੀਭ ਨੂੰ ਵੱਸ ਵਿਚ ਰੱਖੋ, ਕਦੇ ਬਿਨਾਂ ਸੋਚੇ ਵਿਚਾਰੇ

ਕੰਮ ਨਾ ਕਰੇ। ਆਪਣੇ ਕੁਲ ਦੇ ਰੀਤੀ ਰਿਵਾਜਾਂ ਨੂੰ ਨਾ ਛਿਪਾਵੇ। ਇਨ੍ਹਾਂ ਗੱਲਾਂ ਦੇ ਧਾਰਕ ਦਾ ਕਲਯੁੱਗ ਵੀ ਕੁਝ ਨਹੀਂ ਵਿਗਾੜ ਸਕਦਾ।5।

ਟੀਕਾ : ਗ੍ਰੰਥਕਾਰ ਨੇ ਬੜੀ ਮਹੱਤਵਪੂਰਨ ਗੱਲ ਇਸ ਸ਼ਲੋਕ ਵਿਚ ਆਖੀ ਹੈ। ਜੀਭ ਸਾਰੇ ਝਗੜਿਆਂ ਦਾ ਕਾਰਨ ਹੈ। ਦਰੋਪਦੀ ਨੇ ਜੀਭ ਤੇ ਕਾਬੂ ਨਾ ਕਰਕੇ ਮਹਾਂਭਾਰਤ ਦਾ ਵਿਨਾਸ਼ਕਾਰੀ ਯੁੱਧ ਕਰਵਾ ਦਿੱਤਾ।

ਇਸ ਪ੍ਰਕਾਰ ਬਿਨਾਂ ਵਿਚਾਰ ਤੇ ਕੋਈ ਗੱਲ ਮੂੰਹ ਵਿਚੋਂ ਆਖੀ ਜਾਂਦੀ ਹੈ, ਉਹ ਦਾ ਕਾਰਨ ਬਣਦੀ। ਕਦੇ ਵੀ ਆਪਣੀ ਕੁਲ ਦਾ ਰਸਮੋਂ ਰਿਵਾਜ਼ ਨਹੀਂ ਛਿਪਾਉਣਾ ਚਾਹੀਦਾ। ਅਜਿਹੀ ਗੱਲ ਦੀ ਸਾਵਧਾਨੀ ਰਹੇ ਤਾਂ ਕੋਈ ਵੀ ਭੈੜਾ ਯੁੱਗ ਜੀਵ ਦਾ ਮਾੜਾ ਨਹੀਂ ਕਰ ਸਕਦਾ।

ਕੋਈ ਗੱਲ ਨੂੰ ਪਹਿਲਾਂ ਸੋਚ ਵਿਚਾਰ ਕੇ ਆਖੇ। ਇਸ ਤਰ੍ਹਾਂ ਆਖੀ ਗੱਲ ਆਪਣੇ ਲਈ ਅਤੇ ਹੋਰ ਲੋਕਾਂ ਲਈ ਕਲਿਆਣ ਦਾ ਕਾਰਨ ਬਣਦੀ ਹੈ।

मम्मं न उ लविज्जइ कस्स वि आलं न दिज्जइ कयावि ।
को वि न उवको सिज्जइ सज्जण मग्गो इमो दुग्गो ।।६।।

ਸ਼ਲੋਕ 6 : ਕਿਸੇ ਨੂੰ ਵੀ ਮਾੜੇ ਵਚਨ ਨਾ ਆਖੋ, ਕਿਸੇ ਤੇ ਵੀ ਝੂਠਾ ਇਲਜ਼ਾਮ ਨਾ ਲਗਾਓ ਅਤੇ ਕਿਸੇ ਤੇ ਵੀ ਗੁੱਸਾ ਨਾ ਕਰੋ। ਇਹ ਗੱਲਾਂ ਕਿਲੇ ਦੀ ਤਰ੍ਹਾਂ ਹੀ ਚੰਗੇ ਜੀਵਾਂ ਦਾ ਰਾਹ ਹਨ।

ਟੀਕਾ : ਗ੍ਰੰਥਕਾਰ ਨੇ ਸੰਸਾਰ ਵਿਚ ਦੁੱਖ ਦੇ ਕਾਰਨ ਨੂੰ ਜਾਣ ਕੇ ਜੀਵ ਨੂੰ ਕੁਝ ਗੱਲਾਂ ਤੇ ਚੱਲਣ ਦੀ ਹਿਦਾਇਤ ਕੀਤੀ ਹੈ। ਜਿਨ੍ਹਾਂ ਤੇ ਚੱਲ ਕੇ ਜੀਵ ਕਿਲੇ ਵਰਗੀ ਸੁਰੱਖਿਆ ਪ੍ਰਾਪਤ ਕਰਦਾ ਹੈ। ਇਸ ਗੱਲ ਵਿਚ ਪਹਿਲੀ ਗੱਲ ਮਾੜੇ ਵਚਨ ਹਨ। ਕਿਸੇ ਵਿਅਕਤੀ ਦੀ ਸ਼ਾਨ ਤੋਂ ਉਲਟ ਜੋ ਆਖਿਆ ਜਾਂਦਾ ਹੈ, ਉਹ ਮਾੜਾ ਵਚਨ ਹੈ। ਇਹ ਮਾੜੇ ਵਚਨ ਕਰਕੇ ਜੀਵ ਦੀ ਆਤਮਾ ਜਿੱਥੇ ਦੁੱਖ ਅਨੁਭਵ ਕਰਦੀ ਹੈ, ਉੱਥੇ ਜੀਵਾਂ ਦਾ ਆਪਸੀ ਵੈਰ ਉਤਪੰਨ ਹੁੰਦਾ ਹੈ।

ਦੂਸਰੀ ਝਗੜੇ ਦੀ ਜੜ ਝੂਠਾ ਦੋਸ਼ ਲਗਾਉਣਾ ਹੈ। ਜੋ ਕੰਮ ਕਿਸੇ ਵਿਅਕਤੀ ਨੇ ਨਹੀਂ ਕੀਤਾ ਉਸ ਕੰਮ ਦਾ ਦੋਸ਼ ਉਸ ਵਿਅਕਤੀ ਤੇ ਲਾਉਣਾ ਝੂਠਾ ਇਲਜ਼ਾਮ ਹੈ। ਇਸ ਇਲਜ਼ਾਮ ਨਾਲ ਆਪਸੀ ਦੁਸ਼ਮਣੀ ਵਧਦੀ ਹੈ। ਸੋ ਝੂਠਾ ਇਲਜ਼ਾਮ ਲਾਉਣਾ ਪਾਪ ਦਾ ਬੁਲਾਵਾ ਦੇਣਾ ਵੀ ਹੈ। ਗੁੱਸੇ ਨਾਲ ਕਿਸੇ ਨਾਲ ਵਰਤਾਓ ਕਰਨਾ ਵੀ ਸਸੰਸਾਰ ਵਿਚ ਠਗੜੇ ਦਾ ਕਾਰਨ ਹੈ। ਛੋਟੇ-ਮੋਟੇ ਝਗੜੇ ਤਾਂ ਗੁੱਸੇ ਕਾਰਨ ਹੀ ਹੁੰਦੇ ਹਨ।

ਭਗਵਾਨ ਮਹਾਵੀਰ ਨੇ ਉਤਰਾਧਿਐਨ ਸੂਤਰ ਵਿਚ ਗੁੱਸੇ ਨੂੰ ਚੰਡਾਲ ਆਖਿਆ ਹੈ। ਕਰੋਧਵਾਨ ਵਿਅਕਤੀ ਸਾਰੇ ਔਗੁਣ ਇਕੋ ਸਮੇਂ ਹਾਸਲ ਕਰਦਾ ਹੈ। ਇਸ ਪ੍ਰਕਾਰ ਗਿਆਨੀ ਪੁਰਸ਼ ਝਗੜੇ ਦੇ ਤਿੰਨ ਕਾਰਨਾਂ ਤੋਂ ਬਚੇ । ਕਰੋਧ ਕਾਰਨ ਮਨੁੱਖ ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਗਿਆਨ ਤੋਂ ਬਿਨਾਂ ਸ਼ਰਧਾ ਪ੍ਰਾਪਤ ਨਹੀਂ ਹੁੰਦੀ। ਸ਼ਰਧਾ ਤੇ ਗਿਆਨ ਤੋਂ ਬਿਨਾਂ ਚਾਰਿੱਤਰ

(ਮਾਪ੍ਰ ਜਾਂ ਮੂਲੀ ਦੇ ਵਰਤ) ਗ੍ਰਹਿਣ ਨਹੀਂ ਹੁੰਦੇ। ਅੱਗੇ ਗ੍ਰੰਥਕਾਰ ਨੇ ਵਿਦਵਾਨਾਂ ਦੇ ਉਪਦੇਸ਼ ਦਾ ਸਾਰ ਦੱਸਿਆ ਹੈ।

सवस्स उवय रिज्जइ न पम्ह सिज्जइ परस्स उवयोरा

विहलं अवलं विज्जइ उवाएसो एस विउसाणं ।।७।।

ਸ਼ਲੋਕ 7 : ਸਭ ਤੇ ਉਪਕਾਰ ਕਰੋ, ਦੂਸਰੇ ਦੇ ਕੀਤੇ ਉਪਕਾਰ ਨੂੰ ਨਾ ਭੁੱਲੋ ਅਤੇ ਦੁਖੀ ਦਾ ਸਹਾਰਾ ਬਣੋ। ਇਹ ਵਿਦਵਾਨਾਂ ਦੇ ਉਪਦੇਸ਼ ਹਨ।

ਟੀਕਾ : ਉਪਦੇਸ਼ ਰਤਨ ਕੋਸ਼ ਦੇ ਕਰਤਾ ਨੇ ਅਹਿੰਸਾ ਦਾ ਸੰਦੇਸ਼ ਦਿੰਦੇ ਹੋਏ ਮਨੁੱਖ ਨੂੰ ਸਾਦਾ ਤੇ ਗ੍ਰਹਿਣ ਕਰਨ ਯੋਗ ਉਪਦੇਸ਼ ਦਿੱਤਾ ਹੈ। ਮਨੁੱਖ ਨੂੰ ਜ਼ਿਆਦਾ ਧਰਮ ਗ੍ਰੰਥ ਪੜ੍ਹਣ ਦੀ ਜ਼ਰੂਰਤ ਨਹੀਂ। ਇਨ੍ਹਾਂ ਤਿੰਨੋਂ ਗੱਲਾਂ ਵਿਚ ਸਾਰੇ ਧਰਮ ਦਾ ਸਾਰ ਆ ਜਾਂਦਾ ਹੈ। ਪਹਿਲਾ ਹੈ ਉਪਕਾਰ, ਕੋਈ ਵੀ ਧਾਰਮਿਕ ਮਨੁੱਖ ਕੋਈ ਵੀ ਕਰਮ ਕਰਦਾ ਹੈ ਤਾਂ ਉਸ ਦਾ ਕਰਮ ਆਪਣੇ ਲਈ ਨਹੀਂ ਹੁੰਦਾ ਸਗੋਂ ਸੰਸਾਰ ਦੇ ਸਾਰੇ ਪ੍ਰਾਣੀਆਂ ਲਈ ਹੁੰਦਾ ਹੈ। ਪ੍ਰਸ਼ਨ ਵਿਆਕਰਣ ਸੂਤਰ ਵਿਚ ਭਗਵਾਨ ਮਹਾਵੀਰ ਨੇ ਫੁਰਮਾਇਆ ਹੈ ਕਿ, "ਜੀਵਾਂ ਦੇ ਕਲਿਆਣ ਲਈ ਜੀਵਾਂ ਤੇ ਦਿਆ ਕਰਕੇ ਤੀਰਥੰਕਰ ਧਰਮ ਉਪਦੇਸ਼ ਦਿੰਦੇ ਹਨ।"

ਸ਼ਾਸਤਰਕਾਰ ਨੇ ਦੂਸਰੀ ਹਿਦਾਇਤ ਇਹ ਦਿੱਤੀ ਹੈ ਕਿ ਕੋਈ ਵੀ ਜੀਵ ਤੁਹਾਡੇ ਤੇ ਉਪਕਾਰ ਕਰੇ ਤਾਂ ਉਸ ਦਾ ਅਹਿਸਾਨ ਨਹੀਂ ਭੁੱਲਣਾ

ਚਾਹੀਦਾ। ਉਪਕਾਰ ਕਰਨ ਵਾਲੇ ਸਾਡੇ ਮਾਤਾ ਪਿਤਾ ਅਤੇ ਗੁਰੂ ਹਨ। ਉਹ ਅਗਿਆਨ-ਹਨੇਰਾ ਦੂਰ ਕਰਦੇ ਹਨ। ਸੱਚ ਦਾ ਪ੍ਰਕਾਸ਼ ਫੈਲਾਉਂਦੇ ਹਨ।

ਤੀਸਰੀ ਗੱਲ ਸ਼ਾਸਤਰਕਾਰ ਨੇ ਅਹਿੰਸਾ ਦੇ ਸਬੰਧ ਵਿਚ ਆਖੀ ਹੈ। ਅਹਿੰਸਾ ਦਾ ਸਿੱਧਾ ਅਰਥ ਕਰੁਣਾ, ਦਿਆ ਜਾਂ ਰਹਿਮ ਹੈ। ਅਹਿੰਸਕ ਦੀ ਪਹਿਲੀ ਪਹਿਚਾਣ·ਇਹੋ ਹੈ ਕਿ ਸੰਸਾਰ ਵਿਚ ਉਸ ਦਾ ਜੀਵਨ ਹੀ ਸਫਲ ਹੈ ਜੋ ਕਿਸੇ ਦਾ ਦਿਲ ਨਹੀਂ ਦੁਖਾਉਂਦਾ। ਇਹੋ ਸਿਧਾਂਤ ਅਹਿੰਸਾ ਦੇ ਸਿਧਾਂਤ ਦਾ ਮੂਲ ਹੈ। ਜੋ ਕਿਸੇ ਦੁਖੀ ਜੀਵ ਦਾ ਸਹਾਰਾ ਬਣਦਾ ਹੈ। ਕਿਸੇ ਨੂੰ ਰਾਹ ਦਿਖਾਉਂਦਾ ਹੈ, ਉਹ ਹੀ ਸੱਚਾ ਅਹਿੰਸਕ ਹੈ। ਸੱਚਾ ਅਹਿੰਸਕ ਸਾਰੇ ਜੀਵਾਂ ਨੂੰ ਆਪਣੇ ਅਨੁਸਾਰ ਜਾਣਦਾ, ਵੇਖਦਾ ਤੇ ਸਮਝਦਾ ਹੈ ਅਤੇ ਹਰ ਪ੍ਰਕਾਰ ਦੀ ਹਿੰਸਾ ਤੋਂ ਬਚਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਹਿੰਸਾ ਨਰਕ ਦਾ ਮੁੱਖ ਕਾਰਨ ਹੈ।

ਅਗਲੇ ਸਿੱਧ ਸ਼ਲੋਕਾਂ ਵਿਚ ਆਚਾਰਿਆ ਸ੍ਰੀ ਜਿਨੇਸ਼ਵਰ ਸੂਰੀ ਜੀ ਉਹ ਸਿਧਾਂਤ ਦੱਸਦੇ ਹਨ ਜਿਸ ਤੇ ਚੱਲ ਕੇ ਜੀਵ ਨੂੰ ਵਡੱਪਣ ਮਿਲਦਾ ਹੈ ਅਤੇ ਸੰਸਾਰ ਵਿਚ ਮਾਣ-ਆਦਰ ਹਾਸਲ ਹੁੰਦਾ ਹੈ।

कोवि न अब्भत्थिज्जइ किज्जइ कस्स विन पत्थाणा भंगो ।
दीणं न य जंपिज्जइ जीविज्जइ जाव जीअ लोए ।।८।।
अप्पा न पसं सिज्जइ निंदिज्जइ दुज्जणो व न कयावि
बहु बहु रो न हसिज्जइ लब्भइ गुरू उत्तण तेण ।।९।।

ਸ਼ਲੋਕ ੪-੧ :ਜਦੋਂ ਤੱਕ ਸੰਸਾਰ ਵਿਚ ਜਿਊਂਦੇ ਰਹੋ ਕਿਸੇ ਦੀ ਮਿੰਨਤ ਖ਼ੁਸ਼ਾਮਦ ਨਾ ਕਰੋ। ਕਿਸੇ ਦੀ ਬੇਨਤੀ ਨੂੰ ਸਨਮਾਨ ਦੇਵੋ, ਕਿਸੇ ਜੀਵ ਪ੍ਰਤੀ ਘਟੀਆ ਭਾਸ਼ਾ ਦਾ ਇਸਤੇਮਾਲ ਨਾ ਕਰੋ। ਆਪਣੀ ਤਾਰੀਫ਼ ਨਾ ਕਰੋ, ਭੈੜੇ ਮਨੁੱਖ ਦੀ ਨਿੰਦਾ ਨਾ ਕਰੋ। ਜ਼ਿਆਦਾ ਨਾ ਹੱਸੋ। ਇਨ੍ਹਾਂ ਗੁਣਾਂ ਨਾਲ ਜੀਵ ਨੂੰ ਵਡੱਪਣ ਮਿਲਦਾ ਹੈ।

ਟੀਕਾ : ਜੀਵਨ ਵਿਚ ਇਹ ਪ੍ਰਸ਼ਨ ਘੁੰਮਦਾ ਰਹਿੰਦਾ ਹੈ ਕਿ ਕਿਹੜਾ ਕੰਮ ਕੀਤਾ ਜਾਵੇ ਤਾਂ ਕਿ ਪ੍ਰਸਿੱਧੀ ਮਿਲੇ ?

ਸ਼ਾਸਤਰਕਾਰ ਨੇ ਪਹਿਲਾਂ ਖ਼ੁਸ਼ਾਮਦ ਕਰਨ ਦੀ ਮਨਾਹੀ ਕੀਤੀ ਹੈ ਪਰ ਨਾਲ ਹੀ ਇਹ ਉਪਦੇਸ਼ ਦਿੱਤਾ ਹੈ ਕਿ ਜੇ ਕੋਈ ਦੀਨ-ਦੁਖੀ ਦੂਸਰੇ ਜੀਵ ਨੂੰ ਕਿਸੇ ਤਰ੍ਹਾਂ ਦੀ ਬੇਨਤੀ ਕਰਦਾ ਹੈ ਤਾਂ ਉਸ ਬੇਨਤੀ ਨੂੰ ਮੰਨ ਲਵੇ। ਕਿਸੇ ਵੀ ਜੀਵ ਦੀ ਸ਼ਾਨ ਦੇ ਖਿਲਾਫ਼ ਕੁਝ ਨਹੀਂ ਆਖਣਾ ਚਾਹੀਦਾ।

ਸ਼ਾਸਤਰਕਾਰ ਜੀਵ ਨੂੰ ਆਤਮ ਪ੍ਰਸੰਸਾ ਕਰਨ ਤੋਂ ਰੋਕਦਾ ਹੈ। ਨਾਲ ਹੀ ਭੈੜੇ ਲੋਕਾਂ ਦੀ ਨਿੰਦਾ ਕਰਨ ਤੋਂ ਵੀ ਰੋਕਿਆ ਗਿਆ ਹੈ ਕਿਉਂਕਿ ਭੈੜਾ ਵਿਅਕਤੀ ਸੰਸਾਰ ਵਿਚ ਚੰਗੇ ਮਨੁੱਖ ਨੂੰ ਬੁਰਾ ਬਣਾ ਦਿੰਦਾ ਹੈ।

ਗਿਆਨੀ ਜੀਵ ਬਿਨਾਂ ਕਾਰਨ ਨਾ ਤਾਂ ਹਸਦਾ ਹੈ ਨਾ ਰੋਂਦਾ ਹੈ। ਗਿਆਨੀ ਹਮੇਸ਼ਾ ਸਮਤਾ ਵਿਚ ਰਹਿੰਦਾ ਹੈ। ਇਨ੍ਹਾਂ ਗੱਲਾਂ ਦਾ ਧਾਰਕ ਮਹਾਨਤਾ ਨੂੰ ਹਾਸਲ ਕਰ ਲੈਂਦਾ ਹੈ। ਅਗਲੇ ਸਲੋਕ ਵਿਚ ਸ਼ਾਸਤਰਕਾਰ ਨੇ ਸੱਚੇ ਮਾਰਗ ਦਾ ਉਪਦੇਸ਼ ਕਰਦੇ ਆਖਿਆ ਹੈ :

रिउणो न वीससिज्जइ कयावि वंचिज्जए न वीसत्थो ।

न कयग्घेहिं हविज्जइ एसो नायस नीसंदो ।।१०।।

ਸਲੋਕ 10 : ਦੁਸ਼ਮਨ ਦਾ ਵਿਸ਼ਵਾਸ ਨਾ ਕਰਨਾ, ਵਿਸ਼ਵਾਸ ਵਾਲੇ ਨੂੰ ਨਾ ਚਿੜਾਉਣਾ-ਅਤੇ ਗੁਣ ਚੋਰ ਜਾਂ ਨਮਕ ਹਰਾਮੀ ਨਾ ਬਨਣਾ। ਇਹ ਨਿਆ (ਸੱਚ) ਦਾ ਮਾਰਗ ਹੈ।

ਟੀਕਾ : ਇਸ ਸਲੋਕ ਵਿਚ ਸੱਚਾ ਰਾਹ ਦੱਸਿਆ ਗਿਆ ਹੈ। ਆਪਸੀ ਮੇਲ ਹੀ ਨਿਆ ਦਾ ਮਾਰਗ ਹੈ। ਇਸ ਵਿਸ਼ਵਾਸ ਦੀ ਰੱਖਿਆ ਕਰਨੀ ਚਾਹੀਦੀ ਹੈ। ਸਵਾਰਥ ਕਰਕੇ ਵਿਸ਼ਵਾਸ ਨਾ ਤੋੜਨਾ ਅਤੇ ਨਮਕ ਹਰਾਮੀ ਬਨਣਾ ਅਨਿਆ ਦਾ ਮਾਰਗ ਹੈ। ਸੱਚੇ ਮਾਰਗ ਤੇ ਚੱਲਣ ਵਾਲੇ ਨੂੰ ਇਨ੍ਹਾਂ ਤਿੰਨਾਂ ਗੱਲਾਂ ਤੋਂ ਬਚਣਾ ਚਾਹੀਦਾ ਹੈ।

## ਚਤੁਰ ਸਮਝਦਾਰ ਮਨੁੱਖ ਦੇ ਲੱਛਣ

रज्जिज्जइ सुगणेसु वज्झइ राओ न नेह वज्जेसु ।

किज्जइ पत्तपरिक्खा दक्खाण इमो अ कस वट्टो ।।११।।

ਸਲੋਕ 11 : ਸ਼ੁਭ ਗੁਣਾਂ ਵਿਚ ਖੁਸ਼ ਰਹਿਣਾ। ਸੱਚਾ ਪ੍ਰੇਮੀ ਨਾ ਹੋਵੇ ਅਜਿਹੇ ਮਨੁੱਖ ਨਾਲ ਮਿਲਾਪ ਨਾ ਕਰਨਾ ਅਤੇ ਪਾਤਰ (ਬਰਤਨ) ਦੀ ਪਰਖ ਕਰਨਾ। ਇਹ ਸਮਝਦਾਰ ਮਨੁੱਖ ਦੀ ਕਸੌਟੀ ਹੈ।

ਟੀਕਾ : ਸੱਚ-ਝੂਠ, ਚੰਗਾ-ਮਾੜਾ, ਕਰਨ ਯੋਗ ਅਤੇ ਨਾ ਕਰਨ ਯੋਗ ਮਨੁੱਖ ਦੇ ਤਿੰਨ ਇਸ਼ਾਰੇ ਦੱਸੇ ਗਏ ਹਨ। ਸ਼ੁਭ ਗੁਣ ਚਾਹੇ ਮਿੱਤਰ ਵਿਚ ਹੋਣ ਜਾਂ ਮੁਸਾਫਿਕਰ ਵਿਚ ਜਾਂ ਦੁਸ਼ਮਣ ਵਿਚ, ਇਨ੍ਹਾਂ ਗੁਣਾਂ ਦੀ ਖੁਸ਼ੀ ਖੁਸ਼ੀ ਪ੍ਰਸ਼ੰਸਕ ਬਣੋ। ਗੁਣੀ ਮਨੁੱਖ ਦੇ ਗੁਣਾਂ ਦੀ ਪ੍ਰਸ਼ੰਸਾ ਨਾਲ, ਜੀਵ ਵੀ ਚੰਗੇ ਗੁਣ ਪ੍ਰਾਪਤ ਕਰਦਾ ਹੈ। ਇਨ੍ਹਾਂ ਗੁਣਾਂ ਦੀ ਪ੍ਰਸ਼ੰਸਾ ਨਾਲ ਆਤਮਾ ਗੁਣਾਂ ਨਾਲ ਜੁੜ ਜਾਂਦੀ ਹੈ।

ਜੋ ਮਨੁੱਖ ਜਾਂ ਇਸਤਰੀ ਸਵਾਰਥ ਰਹਿਤ ਪ੍ਰੇਮ ਨਾ ਰੱਖਦਾ ਹੋਵੇ , ਕੋਸ਼ਿਸ਼ ਕਰੋ ਉਨ੍ਹਾਂ ਤੋਂ ਦੂਰ ਰਹੋ ਕਿਉਂਕਿ ਸਵਾਰਥ ਵਾਲਾ ਪ੍ਰੇਮ ਅਨੇਕਾਂ ਅਵਗੁਣਾਂ ਨੂੰ ਜਨਮ ਦਿੰਦਾ ਹੈ। ਅਜਿਹੇ ਮਨੁੱਖ ਇਸਤਰੀ ਦੀ ਦੋਸਤੀ ਬੇਅਰਥ ਹੈ, ਪਾਪਾਂ ਦਾ ਘਰ ਹੈ। ਜ਼ਿੰਦਗੀ ਲਈ ਹਾਣੀਕਾਰਕ ਹੈ। ਮਿੱਤਰਤਾ, ਲਗਨ, ਉਪਦੇਸ਼, ਵਿਉਪਾਰ ਆਦਿ ਕੰਮ ਧਿਆਨ ਨਾਲ ਕਰਨੇ ਚਾਹੀਦੇ ਹਨ। ਮਨੁੱਖ ਦੀ ਪਰਖ ਯੋਗਤਾ (ਪਾਤਰਤਾ) ਦੇ ਇਹੋ ਗੁਣ ਹਨ। ਅੱਗੇ ਸ਼ਾਸਤਰਕਾਰ ਉਹ ਯਤਨ ਦੱਸਦਾ ਹੈ ਜਿਸ ਤੇ ਮਨੁੱਖ ਨਿੰਦਾ ਤੋਂ ਬਚ ਸਕਦਾ ਹੈ।

नाकज मायरिज्जइ अप्पा पाड़िज्जइ ने वयणिज्जे ।

नय साहसं चइज्जइ अभिज्जइ तेण जग हत्थो ।।१२।।

ਸਲੋਕ 12 : ਨਾ ਕਰਨ ਯੋਗ ਕੰਮ ਨੂੰ ਨਾ ਕਰੋ। ਆਤਮਾ ਨੂੰ ਨਿੰਦਨਯੋਗ ਕੰਮਾਂ ਵਿਚ ਨਾ ਪਾਉ, ਕਮਜ਼ੋਰ ਬਣ ਕੇ, ਬਿਨਾਂ ਸੋਚ ਵਿਚਾਰ ਦੇ ਕੰਮ ਨਾ

ਕਰੇ। ਇਨ੍ਹਾਂ ਯਤਨਾਂ ਨਾਲ ਮਨੁੱਖ ਆਪਣੀ ਬਾਂਹ ਲੰਬੀ ਕਰਕੇ ਕਹਿ ਸਕਦਾ ਹੈ ਭਾਵ ਨਿੰਦਾ ਤੋਂ ਬਚ ਸਕਦਾ ਹੈ। ਨਿੰਦਾ ਦਾ ਪਾਤਰ ਨਹੀਂ ਬਣਦਾ।

ਟੀਕਾ : ਸਾਡਾ ਮਨ ਨਿਡਰ ਕਿਸ ਪ੍ਰਕਾਰ ਹੋ ਸਕਦਾ ਹੈ ? ਇਸ ਦੀ ਉਦਾਹਰਨ ਦਿੰਦੇ ਹੋਏ ਗ੍ਰੰਥਕਾਰ ਆਖਦਾ ਹੈ ਕਿ ਜੋ ਮਨੁੱਖ ਨਾ ਕਰਨ ਵਾਲੇ ਕੰਮਾਂ ਨੂੰ ਛੱਡਦਾ ਹੈ, ਜਿਸ ਕੰਮ ਨਾਲ ਆਤਮਾ ਵਿਚ ਹੰਕਾਰ ਆ ਜਾਵੇ ਉਸ ਕੰਮ ਤੋਂ ਬਚਦਾ ਹੈ। ਜੋ ਮਨੁੱਖ ਵਿਚਾਰ ਨਾਲ ਸਮੇਂ ਅਨੁਸਾਰ ਗਲਤ ਠੀਕ ਦਾ ਨਿਰਣਾ ਕਰਦਾ ਹੈ, ਉਹ ਨਿਡਰ ਜੀਵਨ ਗੁਜ਼ਾਰਦਾ ਹੈ। ਅਜਿਹੇ ਮਨੁੱਖ ਨੂੰ ਮਨ ਵਿਚ ਅਜਿਹਾ ਭੈ ਰਹਿਤ ਜੀਵਨ ਗ੍ਰਹਿਣ ਕਰਨਾ ਚਾਹੀਦਾ ਅਜਿਹਾ ਗਿਆਨੀ ਬੜੇ ਹੌਸਲੇ ਤੇ ਚਿੰਤਾ ਰਹਿਤ ਕੰਮ ਕਰਦਾ ਹੈ। ਅਜਿਹੇ ਗਿਆਨੀ ਕਦੇ ਵੀ ਨਿੰਦਾ ਦਾ ਪਾਤਰ ਨਹੀਂ ਬਣਦਾ। ਅੱਗੇ ਆਚਾਰਿਆ ਜੀ ਉਹ ਮਾਰਗ ਦੱਸਦੇ ਹਨ ਜੋ ਤਲਵਾਰ ਤੇ ਨੰਗੇ ਪੈਰ ਚੱਲਣ ਦੀ ਤਰ੍ਹਾਂ ਹੈ।

वसणे वि न मुज्झिज्जइ मुच्चइ माणो न नाम मरणे ।
विहवक्खए वि दिज्जइ वयमसि धारं खु धीराणं ।।१३।।

ਸਲੋਕ 13 : ਦੁੱਖ ਵਿਚ ਨਾ ਘਬਰਾਉਣਾ, ਮੌਤ ਆਉਣ ਤੇ ਧਰਮ ਦਾ ਸਨਮਾਨ ਨਾ ਤਿਆਗਣਾ, ਸੰਪਤੀ ਦੇ ਨਾਸ਼ ਹੋ ਜਾਣ ਤੇ ਵੀ ਦਾਨ ਦਿੰਦੇ ਰਹਿਣਾ। ਇਹ ਮਤ ਗੱਲਾਂ ਧੀਰਜਵਾਨ ਪੁਰਸ਼ਾਂ ਨੂੰ ਤਲਵਾਰ ਦੀ ਧਾਰ ਤੇ ਨੰਗੇ ਪੈਰ ਚੱਲਣ ਦੀ ਤਰ੍ਹਾਂ ਹੈ।

ਟੀਕਾ : ਇਸ ਸ਼ਲੋਕ ਵਿਚ ਆਚਾਰਿਆ ਜੀ ਨੇ ਧੀਰਜਵਾਨ ਮਨੁੱਖ ਦੇ ਲੱਛਣ ਦੱਸੇ ਹਨ। ਧੀਰਜਵਾਨ ਮਨੁੱਖ ਜਦ ਕੋਈ ਕੰਮ ਕਰਦਾ ਹੈ ਤਾਂ ਹੋ ਸਕਦਾ ਹੈ ਕਿ ਉਸ ਨੂੰ ਲਾਭ ਜਲਦੀ ਨਾ ਹੋਵੇ, ਪਰ ਗਿਆਨੀ ਸੋਚਦਾ ਹੈ ਕਿ ਹੌਸਲਾ ਛੱਡਣ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਉਹ ਕਿਸੇ ਵੀ ਹਾਲਤ ਵਿਚ ਦੁਖੀ ਨਹੀਂ ਹੁੰਦਾ। ਇਥੋਂ ਤੱਕ ਕਿ ਮੌਤ ਆ ਜਾਣ ਤੇ ਵੀ ਧਰਮ ਦਾ ਸੱਚਾ ਮਾਰਗ ਨਹੀਂ ਛੱਡਦਾ। ਧਨ ਦਾ ਨਾਸ਼ ਹੋ ਜਾਣ ਤੇ ਵੀ ਦਾਨ ਕਰਨ ਦਾ ਤਿਆਗ ਨਹੀਂ ਕਰਦਾ। ਧੀਰਜਵਾਨ ਇਨ੍ਹਾਂ ਗੱਲਾਂ ਤੇ ਚੱਲ ਕੇ ਤਲਵਾਰ ਦੀ ਤਿੱਖੀ ਧਾਰ ਤੇ ਚੱਲਦਾ ਹੈ। ਅਜਿਹੀਆਂ ਗੱਲਾਂ ਤੇ ਚੱਲਣਾ ਵੇਖਣ ਵਿਚ ਤਾਂ ਸੁਖਾਲਾ ਹੈ ਪਰ ਚੱਲਣਾ ਤਲਵਾਰ ਦੀ ਧਾਰ ਤੇ ਚੱਲਣ ਵਾਂਗ ਹੈ।

**अइनेहो वहिज्जइ रूसिज्जइ नय पिये वि पय दिहं ।**
**बद्धारिज्जइ न कली जलंजली दिज्जइ दुहाणं ।।१४।।**

ਸਲੋਕ 14 : ਸੰਸਾਰਿਕ ਪ੍ਰੇਮ ਵਿਚ ਜ਼ਿਆਦਾ ਨਾ ਫਸਣਾ, ਆਪਣੇ ਪ੍ਰੇਮੀ ਨਾਲ ਗੁੱਸਾ ਨਾ ਕਰਨਾ ਅਤੇ ਝਗੜੇ ਨੂੰ ਵਧਣ ਤੋਂ ਰੋਕਣਾ ਇਨ੍ਹਾਂ ਤਿੰਨਾਂ ਗੱਲਾਂ ਨਾਲ ਦੁੱਖਾਂ ਨੂੰ ਪਾਣੀ ਵਿਚ ਵਹਾਇਆ ਜਾ ਸਕਦਾ ਹੈ। ਭਾਵ ਇਨ੍ਹਾਂ ਗੱਲਾਂ ਦਾ ਧਿਆਨ ਰੱਖਣ ਨਾਲ ਦੁੱਖ ਦਾ ਨਾਸ਼ ਹੋ ਜਾਂਦਾ ਹੈ।

ਟੀਕਾ : ਸੁੱਖ-ਦੁੱਖ ਦਾ ਕਾਰਨ ਮਨੁੱਖ ਦੀ ਆਤਮਾ ਆਪ ਹੈ। ਆਪਣਾ ਸ਼ੁੱਧ ਆਤਮ ਸਵਰੂਪ ਭੁੱਲ ਕੇ, ਸੰਸਾਰਿਕ ਪਦਾਰਥਾਂ, ਰਿਸ਼ਤਿਆਂ, ਪ੍ਰਤੀ

ਪਿਆਰ ਦੁੱਖਾਂ ਦਾ ਕਾਰਨ ਹੈ। ਪਹਿਲਾਂ ਤਾ ਭੌਤਿਕ ਪਦਾਰਥਾਂ ਦੀ ਪ੍ਰਾਪਤੀ ਮੁਸ਼ਕਿਲ ਹੈ ਜੇ ਇਹ ਪਦਾਰਥ ਪ੍ਰਾਪਤ ਹੋ ਜਾਣ ਤਾਂ ਇਨ੍ਹਾਂ ਪ੍ਰਤੀ ਮਮਤਾ ਜਾਂ ਸੰਸਾਰਿਕ ਪਿਆਰ ਜਾਗਦਾ ਹੈ। ਇਹ ਪਿਆਰ ਰਾਗ-ਦਵੇਸ਼ ਦਾ ਕਾਰਨ ਹੈ। ਰਾਗ ਦਵੇਸ਼ ਕਰਮ ਦਾ ਬੀਜ ਹੈ। ਕਰਮ ਬੰਧਨ ਸੰਸਾਰ ਹੈ। ਸੋਭੌਤਿਕ ਪਦਾਰਥਾਂ ਦਾ ਮੋਹ ਛੱਡਣ ਨਾਲ (ਕਸ਼ਾਏ) ਕਰੋਧ, ਮਾਨ, ਮਾਇਆ ਅਤੇ ਲੋਭ ਵੀ ਘੱਟ ਜਾਂਦਾ ਹੈ। ਇਹ ਬੰਧਨ ਆਵਾਗਮਨ ਦਾ ਕਾਰਨ ਬਣ ਕੇ ਦੁੱਖ ਦਿੰਦਾ ਹੈ।

ਦੂਸਰੀ ਗੱਲ ਬੜੀ ਧਿਆਨ ਦੇਣ ਵਾਲੀ ਹੈ। ਸ਼ਾਸਤਰਕਾਰ ਨੇ ਆਖਿਆ ਹੈ ਕਿ ਸੱਚੇ ਆਤਮਿਕ ਪ੍ਰੇਮੀ ਪ੍ਰਤੀ ਕਿਸੇ ਪ੍ਰਕਾਰ ਦਾ ਗੁੱਸਾ ਨਾ ਕਰਨਾ, ਕੋਈ ਰਾਗ ਦਵੇਸ਼ ਨਹੀਂ ਕਰਨਾ, ਪ੍ਰੇਮੀ ਪ੍ਰਤੀ ਕਰੋਧ ਕਰਨਾ ਪਾਪ ਹੈ। ਇਹ ਬੜਾ ਦੁੱਖ ਦਾ ਸੰਸਾਰਿਕ ਕਾਰਨ ਹੈ।

ਤੀਸਰੀ ਗੱਲ ਬੁੱਧੀਮਾਨ ਲਈ ਚਾਹੀਦਾ ਹੈ ਕਿ ਉਹ ਹਰ ਪ੍ਰਕਾਰ ਦੇ ਕਲੇਸ਼ ਨੂੰ ਮਿਟਾਉਣ ਦਾ ਯਤਨ ਕਰੇ। ਇਸ ਲਈ ਉਪਾਸਕ ਨੂੰ ਮਿੱਠਾ ਬੋਲਣਾ ਚਾਹੀਦਾ ਹੈ। ਜ਼ਿੰਦਗੀ ਵਿਚ ਮਿਠਾਸ ਜੀਵ ਦੇ ਦੁੱਖਾਂ ਦਾ ਖਾਤਮਾ ਕਰਨ ਵਿਚ ਸਹਾਈ ਹੁੰਦੀ ਹੈ। ਜੋ ਇਨ੍ਹਾਂ ਗੱਲਾਂ ਦਾ ਧਿਆਨ ਰੱਖਦਾ ਹੈ ਉਹ ਦੁੱਖਾਂ ਨੂੰ ਹਮੇਸ਼ਾ ਲਈ ਖ਼ਤਮ ਕਰ ਦਿੰਦਾ ਹੈ।

ਅੱਗੇ ਸ਼ਾਸਤਰਕਾਰ ਉਹ ਉਪਾਅ ਦੱਸਦਾ ਹੈ ਜਿਸ ਤੇ ਚੱਲ ਕੇ ਜੀਵ ਨੂੰ ਕਦੇ ਨਿੰਦਾ ਪ੍ਰਾਪਤ ਨਹੀਂ ਹੁੰਦੀ।

न कुसंगेण वसिज्जइ वालस्स वि घिप्पए हिअं वयणं
अनयाओ निवट्टिज्जइ न होइ वयणिज्जया एवं ।।१५।।

ਸਲੋਕ 15 : ਬੁਰੀ ਸੰਗਤ ਵਾਲੇ ਨਾਲ ਨਾ ਰਹਿਣਾ, ਬੱਚੇ ਦੀ ਵੀ ਚੰਗੀ ਗੱਲ ਨੂੰ ਗ੍ਰਹਿਣ ਕਰਨਾ ਅਤੇ ਬੇਇਨਸਾਫ਼ੀ (ਅਨਿਆ) ਦੇ ਰਾਹ ਨੂੰ ਛੱਡਣ ਵਾਲਾ ਜੀਵ ਕਦੇ ਨਿੰਦਾ ਪ੍ਰਾਪਤ ਨਹੀਂ ਕਰਦਾ।

ਟੀਕਾ : ਸ਼ਾਸਤਰਕਾਰ ਨੇ ਆਪਣੇ ਉਪਦੇਸ਼ ਵਿਚ ਬਹੁਤ ਮਹੱਤਵਪੂਰਨ ਗੱਲਾਂ ਆਖੀਆਂ ਹਨ। ਆਮ ਤੌਰ ਤੇ ਨਿੰਦਾ ਹੋਣ ਦੇ ਤਿੰਨ ਕਾਰਨ ਮੰਨੇ ਜਾਂਦੇ ਹਨ (1) ਮਾੜੀ ਸੰਗਤ ਦਾ ਗ੍ਰਹਿਣ ਕਰਨ ਵਾਲਾ ਚੰਗੇ ਮਨੁੱਖ ਦੇ ਮਨ ਵਿਚ ਸ਼ੱਕ ਪੈਦਾ ਕਰਦਾ ਹੈ। (2) ਮੈਂ ਸਿਆਣਾ ਹਾਂ ਅਜਿਹਾ ਆਦਮੀ ਕਿਸੇ ਵਿਅਕਤੀ ਦੀ ਹਿੱਤ ਭਰਪੂਰ ਗੱਲ ਵੀ ਨਹੀਂ ਸੁਣਦਾ। (3) ਹਰ ਹਾਲਤ ਢੰਗ ਨਾਲ ਧਨ ਇਕੱਠਾ ਕਰਨਾ ਵੀ ਨਿੰਦਾ ਦਾ ਕਾਰਨ ਬਣਦਾ ਹੈ। ਇਹ ਤਿੰਨ ਕਾਰਨ ਕਦੇ ਵੀ ਜੀਵ ਨੂੰ ਸੁਖੀ ਨਹੀਂ ਹੋਣ ਦਿੰਦੇ।

ਇਨ੍ਹਾਂ ਤਿੰਨਾਂ ਕਾਰਨਾਂ ਨੂੰ ਦੂਰ ਕਰਨ ਲਈ ਗਿਆਨੀ ਮਨੁੱਖ ਚਰਿੱਤਰਹੀਣ ਦੀ ਸੰਗਤ ਨਹੀਂ ਕਰਦਾ। ਸਿਆਣਾ ਮਨੁੱਖ ਬੁੱਧੀ ਨੂੰ ਮਹਾਨਤਾ ਦਿੰਦਾ ਹੈ। ਬੁੱਧੀ ਦਾ ਉਮਰ ਨਾਲ ਕੋਈ ਸਬੰਧ ਨਹੀਂ। ਜ਼ਰੂਰੀ ਨਹੀਂ ਕਿ ਛੋਟੀ ਉਮਰ ਵਾਲੇ ਦੀ ਬੁੱਧੀ ਛੋਟੀ ਹੀ ਹੋਵੇਗੀ ਅਤੇ ਵੱਡੀ ਉਮਰ ਵਾਲੇ ਦੀ ਵੱਡੀ। ਜੈਨ ਗ੍ਰੰਥਾਂ ਵਿਚ ਅਤਿਮੁਕਤ ਮੁਨੀ ਜਿਹੇ ਛੋਟੀ ਉਮਰ ਵਾਲੇ ਮੁਨੀ

ਦਾ ਵਰਨਣ ਧਿਆਨ ਕਰਨ ਯੋਗ ਹੈ, ਜਿਸ ਦੀ ਬੁੱਧੀ ਦੀ ਪ੍ਰਸ਼ੰਸਾ ਖੁਦ ਅਤੇ ਅਕ੍ਰਿਤਦਸ਼ਾਂਗ ਅਤੇ ਭਗਵਤੀ ਸੂਤਰ ਵਿਚ ਕੀਤੀ ਹੈ।

ਅਗਲੇ ਸ਼ਲੋਕ ਵਿਚ ਆਚਾਰਿਆ ਪਦਮ ਜਿਨੇਸ਼ਵਰ ਮੁਨੀ ਨੇ ਸੁਖੀ ਹੋਣ ਦਾ ਰਾਹ ਦੱਸਿਆ ਹੈ।

विहवेवि न मच्चिज्जइ न विसीइज्जइ असंपयाए वि ।
वट्टिज्जइ सम भावे न होइ रणरणइ संतावो ।।१६।।

ਸਲੋਕ 16 : ਸੰਪਤੀ ਵਿਚ ਲੀਨ ਨਾ ਹੋਣਾ, ਹੰਕਾਰ ਨਾ ਕਰਨਾ, ਸੰਪਤੀ ਦੇ ਖਾਤਮੇ ਤੇ ਵੀ ਦੁੱਖ ਨਾ ਮੰਨਣਾ ਅਤੇ ਸੰਤੋਖੀ ਬਣਨਾ, ਸੱਚਮੁੱਚ ਇਹ ਗੱਲਾਂ ਦੇ ਨਾਲ ਕਦੇ ਦੁੱਖ ਪੈਦਾ ਨਹੀਂ ਹੁੰਦਾ। ਜੀਵ ਹਮੇਸ਼ਾ ਸੁਖੀ ਰਹਿੰਦਾ ਹੈ।

ਟੀਕਾ : ਸੰਸਾਰ ਵਿਚ ਹਰ ਪ੍ਰਾਣੀ ਸੁੱਖ ਚਾਹੁੰਦਾ ਹੈ। ਦੁੱਖ ਕੋਈ ਵੀ ਨਹੀਂ, ਪਰ ਇਹ ਸੁੱਖ ਕਿੱਥੋਂ ਮਿਲੇ ਇਹ ਪ੍ਰਸ਼ਨ ਮੁੱਖ ਹੈ। ਕੀ ਸੰਸਾਰ ਦੇ ਧਨ, ਪੁੱਤਰ, ਇਸਤਰੀ, ਸਨਮਾਨ ਵਿਚ ਸੁੱਖ ਹੈ ? ਸੰਸਾਰ ਦਾ ਕੋਈ ਵੀ ਭੌਤਿਕ ਪਦਾਰਥ ਮਨੁੱਖ ਨੂੰ ਸੁਖੀ ਨਹੀਂ ਬਣਾ ਸਕਦਾ। ਸੁਖੀ ਆਦਮੀ ਅੰਦਰੋਂ (ਆਤਮਾ ਤੋਂ) ਸੁਖੀ ਹੁੰਦਾ ਹੈ। ਸੁਖੀ ਹੋਣ ਲਈ ਮਨੁੱਖ ਭਿੰਨ-ਭਿੰਨ ਉਪਰਾਲੇ ਕਰਦਾ ਹੈ। 18 ਪ੍ਰਕਾਰ ਦੇ ਪਾਪ ਕਰਦਾ ਹੈ। ਜਿੰਨਾ ਸੁੱਖ ਲਈ ਬਾਹਰਲੇ ਉਪਾਅ ਕਰਦਾ ਹੈ ਉਨਾ ਹੀ ਸੱਚਾ ਸੁੱਖ ਉਸ ਜੀਵ ਤੋਂ ਉਨਾ ਹੀ ਦੂਰ ਚਲਾ ਜਾਂਦਾ ਹੈ। ਸੱਚੇ ਸੁਖੀ ਰਹਿਣ ਲਈ ਜੀਵ ਨੂੰ ਕੁਝ ਗੱਲਾਂ ਦਾ ਧਿਆਨ

ਰੱਖਣਾ ਚਾਹੀਦਾ ਹੈ।

ਪਹਿਲੀ ਗੱਲ ਹੈ ਸੰਪਤੀ ਦਾ ਮਾਨ (ਹੰਕਾਰ) ਕਰਨਾ। ਪਾਪ ਦਾ ਕਾਰਨ ਚਾਰ ਕਸ਼ਾਏ ਹਨ ਕਰੋਧ, ਮਾਨ, ਮਾਇਆ ਤੇ ਲੋਭ। ਕਸ਼ਾਏ ਕਰਮ ਬੰਧ ਦਾ ਮੁੱਖ ਕਾਰਨ ਹਨ। ਮਾਨ (ਹੰਕਾਰ) ਕਈ ਪ੍ਰਕਾਰ ਦੇ ਦੁੱਖਾਂ ਨੂੰ ਜਨਮ ਦਿੰਦਾ ਹੈ, ਹੰਕਾਰੀ ਮਨੁੱਖ ਨੂੰ ਕੋਈ ਪਸੰਦ ਨਹੀਂ ਕਰਦਾ। ਫਿਰ ਸੰਪਤੀ ਦਾ ਹੰਕਾਰ ਕਿਉਂ ਕਰੀਏ ? ਸ਼ੁਭ ਕਰਮ ਦੇ ਫਲ ਸਦਕਾ ਜੀਵ ਨੂੰ ਸੰਪਤੀ ਪ੍ਰਾਪਤ ਹੁੰਦੀ ਹੈ ਅਤੇ ਅਸ਼ੁਭ ਕਰਮਾਂ ਕਾਰਨ ਇਹ ਸੰਪਤੀ ਚਲੀ ਜਾਂਦੀ ਹੈ। ਸੰਪਤੀ ਦਾ ਹੰਕਾਰ ਬੇਕਾਰ ਹੈ ਕਿਉਂਕਿ ਨਾ ਕੋਈ ਸੰਪਤੀ ਲੈ ਕੇ ਆਇਆ ਹੈ ਨਾ ਹੀ ਮੌਤ ਤੋਂ ਬਾਅਦ ਸੰਪਤੀ ਨਾਲ ਜਾਂਦੀ ਹੈ।

ਦੂਸਰਾ ਉਪਦੇਸ਼ ਜੀਵ ਨੂੰ ਜਿੱਥੇ ਹੰਕਾਰ ਤੋਂ ਰੋਕਿਆ ਗਿਆ ਹੈ, ਉਥੇ ਇਹ ਵੀ ਸਮਝਾਇਆ ਗਿਆ ਹੈ ਕਿ ਹੰਕਾਰ ਕਈ ਪਾਪਾਂ ਨੂੰ ਜਨਮ ਦਿੰਦਾ ਹੈ। ਸ਼ਾਸਤਰਾਂ ਵਿਚ 8 ਪ੍ਰਕਾਰ ਦਾ ਹੰਕਾਰ ਦੱਸਿਆ ਗਿਆ ਹੈ। ਕਿਸੇ ਵੀ ਪ੍ਰਕਾਰ ਦਾ ਹੰਕਾਰ ਜੀਵਨ ਲਈ ਘਾਤਕ ਹੈ।

ਤੀਸਰੀ ਗੱਲ ਜੀਵ ਨੂੰ ਸੰਪਤੀ ਦੇ ਖ਼ਤਮ ਹੋਣ ਤੇ ਸੰਤੋਖੀ ਬਨਣ ਦਾ ਉਪਦੇਸ਼ ਹੈ ਕਿਉਂਕਿ ਭਗਤ ਕਬੀਰ ਨੇ ਸੰਤੋਖ ਨੂੰ ਉਤਮ ਧਨ ਦੱਸਿਆ ਹੈ ਜਿਸ ਦੇ ਆਉਣ ਨਾਲ ਕਿਸੇ ਹੋਰ ਤਰ੍ਹਾਂ ਦੇ ਧਨ ਦੀ ਜ਼ਰੂਰਤ ਬੇਕਾਰ ਹੋ ਜਾਂਦੀ ਹੈ। ਸੰਤੋਖ ਦਾ ਉਪਦੇਸ਼ ਸੰਸਾਰ ਦੇ ਹਰ ਇਕ ਮਹਾਂਪੁਰਖ ਨੇ ਦਿੱਤਾ ਹੈ।

ਇਨ੍ਹਾਂ ਗੱਲਾਂ ਦਾ ਧਾਰਕ ਜੀਵਨ ਵਿਚ ਕਦੇ ਵੀ ਦੁਖ ਨੂੰ ਪ੍ਰਾਪਤ ਨਹੀਂ ਹੁੰਦਾ। ਉਸ ਦੀ ਆਤਮਾ ਸੰਤੋਖ ਕਾਰਨ ਹਮੇਸ਼ਾ ਸੱਚੇ ਸੁੱਖ ਨੂੰ ਪ੍ਰਾਪਤ ਹੁੰਦੀ ਹੈ। ਪਾਪਾਂ ਕਾਰਨ ਕਿਸੇ ਪ੍ਰਕਾਰ ਦਾ ਦੁੱਖ ਜੀਵ ਨੂੰ ਪ੍ਰਾਪਤ ਨਹੀਂ ਹੁੰਦਾ।

ਅੱਗੇ ਆਚਾਰਿਆ ਸ੍ਰੀ ਪਦਮ ਜਿਨੇਸ਼ਵਰ ਸੂਰੀ ਉਹ ਉਪਾਅ ਦੱਸਦੇ ਹਨ ਜਿਸ ਨਾਲ ਜੀਵ ਆਤਮਾ ਅਪਣਾ ਕੇ ਮਹੱਤਵ ਨੂੰ ਸਥਿਰ ਰੱਖ ਸਕਦਾ ਹੈ।

वन्निज्जई भिच्च गुणो न पच्चक्खं नय सुअस्स पच्चक्खं
महिला उनो भयावि हु न नस्सए जेण माहप्पं ।।१७।।

ਸਲੋਕ 17 : ਨੌਕਰ ਦੇ ਗੁਣ ਗੁਪਤ ਰੂਪ ਵਿਚ ਰੱਖਣਾ, ਪੁੱਤਰ ਦੇ ਗੁਣ ਸਾਹਮਣੇ ਵਰਨਣ ਕਰਨਾ ਅਤੇ ਇਸਤਰੀ ਦੇ ਗੁਣ ਗੁਪਤ ਅਤੇ ਸਾਹਮਣੇ ਵਰਨਣ ਕਰਨ ਨਾਲ ਆਪਣਾ ਮਹੱਤਵ ਵਧਦਾ ਹੈ। ਉਸ ਮਹਾਨਤਾ ਦਾ ਇਨਾਮ ਨਹੀਂ ਹੋ ਸਕਦਾ।

ਟੀਕਾ : ਇਹ ਸੰਸਾਰਿਕ ਕਾਰ ਵਿਹਾਰ ਦੀ ਸਿੱਖਿਆ ਹੈ। ਇਸ ਵਿਚ ਆਚਾਰਿਆ ਸ੍ਰੀ ਨੇ ਆਪਣੀ ਮਹਾਨਤਾ ਨੂੰ ਸ਼ਿਖਰ ਤੇ ਰੱਖਦਿਆਂ ਤਿੰਨ ਵਿਸ਼ਿਆਂ ਬਾਰੇ ਦੱਸਿਆ ਹੈ। (1) ਨੌਕਰ ਆਦਿ ਦੇ ਗੁਣਾਂ ਨੂੰ ਗੁਪਤ ਰੱਖਣਾ ਚਾਹੀਦਾ ਹੈ। ਸਾਹਮਣੇ ਪ੍ਰਗਟ ਕਰਨ ਨਾਲ ਉਸ ਦੀ ਕੰਮ ਪ੍ਰਤੀ ਲਗਨ ਘੱਟ

ਜਾਂਦੀ ਹੈ। ਨੌਕਰ ਦਾ ਧਿਆਨ ਕੰਮ ਤੋਂ ਹਟ ਜਾਂਦਾ ਹੈ। ਇਸ ਪ੍ਰਕਾਰ ਨੌਕਰ ਦੇ ਗੁਣ ਪ੍ਰਗਟ ਕਰਨ ਨਾਲ ਮਨੁੱਖ ਦੀ ਆਮ ਲੋਕਾਂ ਵਿਚ ਪ੍ਰਸੰਸਾ ਘੱਟ ਜਾਂਦੀ ਹੈ ਕਿਉਂਕਿ ਸੰਸਾਰ ਵਿਚ ਮਾਲਿਕ ਅਤੇ ਨੌਕਰ ਦਾ ਰਿਸ਼ਤਾ ਇਕੋ ਸਤਰ ਤੇ ਨਹੀਂ ਚੱਲ ਸਕਦਾ। (2) ਇਸੇ ਪ੍ਰਕਾਰ ਪੁੱਤਰ ਦੇ ਗੁਣ ਛੁਪਾਉਣੇ ਨਹੀਂ ਚਾਹੀਦੇ। ਪੁੱਤਰ ਕੁਲ ਦਾ ਸ਼ਿੰਗਾਰ ਹੈ। ਉਸ ਦੇ ਗੁਣਾਂ ਨੂੰ ਪ੍ਰਗਟ ਨਾ ਕਰਨ ਨਾਲ ਘਰੇਲੂ ਸਬੰਧਾਂ ਵਿਚ ਦਰਾਰ ਪੈਦਾ ਹੋ ਜਾਂਦੀ ਹੈ। ਸੋ ਪੁੱਤਰ ਦੇ ਚੰਗੇ ਗੁਣਾਂ ਲਈ ਉਸ ਦੀ ਪ੍ਰਸੰਸਾ ਕਰਨੀ ਚਾਹੀਦੀ ਹੈ। ਅਜਿਹਾ ਕਰਨ ਨਾਲ ਉਹ ਪੁੱਤਰ ਪਿਤਾ ਪ੍ਰਤੀ ਸਮਰਪਿਤ ਭਾਵ ਰੱਖੇਗਾ ਅਤੇ ਪਰਿਵਾਰ ਦਾ ਧਿਆਨ ਰੱਖੇਗਾ।

ਆਚਾਰਿਆ ਜੀ ਇਸਤਰੀ ਪ੍ਰਤੀ ਆਖਦੇ ਹਨ ਕਿ ਉਨ੍ਹਾਂ ਦੇ ਗੁਣ ਅਤੇ ਅਵਗੁਣ ਲੋਕਾ ਕੇ ਰੱਖਣੇ ਚਾਹੀਦੇ ਹਨ। ਇਸਤਰੀ ਦੇ ਰੂਪ ਆਦਿ ਦੀ ਪ੍ਰਸੰਸਾ ਕਰਨ ਨਾਲ, ਦੂਸਰੇ ਸੁਣਨ ਵਾਲੇ ਦੇ ਮਨ ਵਿਚ ਵਿਕਾਰ ਉਤਪੰਨ ਹੋ ਸਕਦੇ ਹਨ। ਇਸਤਰੀਆਂ ਗੁਣਾਂ ਦੇ ਪ੍ਰਗਟ ਹੋਣ ਨਾਲ ਘਮੰਡੀ ਹੋ ਸਕਦੀਆਂ ਹਨ। ਕਈ ਵਾਰ ਅਵਗੁਣ ਦੱਸਣ ਨਾਲ ਇਸਤਰੀਆਂ ਗਲਤ ਰਾਹ 'ਤੇ ਚੱਲ ਸਕਦੀਆਂ ਹਨ। ਉਹ ਆਪਣੇ ਪ੍ਰਤੀ ਗਲਤ ਵਿਚਾਰ ਵੀ ਬਣਾ ਸਕਦੀਆਂ ਹਨ। ਸੋ ਇਸਤਰੀ ਦੇ ਗੁਣਾਂ ਦੇ ਪ੍ਰਗਟ ਕਰਨ ਲੱਗਿਆਂ ਧਿਆਨ ਰੱਖਣਾ ਚਾਹੀਦਾ ਹੈ।

## ਵਸ਼ੀਕਰਣ ਮੰਤਰ

जंपिज्जइ पिअवयणं किज्जइ विणओ अ दिज्जए दाणं ।

परगुण गहणं जिज्जइ अमूल मंतं वसीकरणं ॥१८॥

ਸਲੋਕ ।੪ : ਪਿਆਰ ਨਾਲ ਬੋਲਣਾ, ਵਿਨੈ (ਸੇਵਾ ਭਗਤੀ) ਕਰਨਾ, ਦਾਨ ਦੇਣ ਅਤੇ ਦੂਸਰੇ ਦੇ ਗੁਣਾਂ ਨੂੰ ਗ੍ਰਹਿਣ ਕਰਨਾ ਇਹ ਵਸ਼ੀਕਰਨ ਮੰਤਰ ਹਨ।

ਟੀਕਾ : ਮੰਤਰ ਸ਼ਾਸਤਰ ਵਿਚ ਵਸ਼ੀਕਰਨ ਮੰਤਰ ਦਾ ਆਪਣਾ ਮਹੱਤਵ ਹੈ। ਇੱਥੇ ਆਚਾਰਿਆ ਸ਼੍ਰੀ ਨੇ ਵਸ਼ੀਕਰਨ ਮੰਤਰ ਦਾ ਸਵਰੂਪ ਨਵੇਂ ਰੂਪ ਵਿਚ ਪੇਸ਼ ਕੀਤਾ ਹੈ। ਆਚਾਰਿਆ ਸ਼੍ਰੀ ਪਦਮ ਜਿਨੇਸ਼ਵਰ ਸੂਰੀ ਆਖਦੇ ਹਨ ਕਿ ਮੰਤਰ ਸ਼ਾਸਤਰਾਂ ਦਾ ਵਸ਼ੀਕਰਨ ਦੀ ਸਾਧਨਾ ਲਈ ਕਠੋਰ ਸਾਧਨਾ ਕਰਨੀ ਪੈਂਦੀ ਹੈ। ਪਰ ਵਸ਼ੀਕਰਨ ਮੰਤਰ ਤਾਂ ਹਰ ਮਨੁੱਖ ਦੀ ਆਤਮਾ ਅੰਦਰ ਸਮਾਇਆ ਹੋਇਆ ਹੈ। ਉਸ ਨੂੰ ਪ੍ਰਗਟ ਕਰਨ ਲਈ ਹੰਕਾਰ ਰਹਿਤ ਹੋ ਕੇ ਜੀਵ ਨੂੰ ਇਨ੍ਹਾਂ ਖਾਸ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ। ਪਹਿਲਾ ਹੈ ਮਿੱਠਾ ਬੋਲਣਾ। ਮਿੱਠਾ ਬੋਲਣ ਨਾਲ ਕਰੋਧ ਖ਼ਤਮ ਹੁੰਦਾ ਹੈ। ਆਪਣੀ ਆਤਮਾ ਅਤੇ ਸਾਹਮਣੇ ਵਾਲੇ ਦੀ ਆਤਮਾ ਨੂੰ ਸੁੱਖ ਮਿਲਦਾ ਹੈ। ਮਿਠਾਸ ਵਿਸ਼ਵ ਮਿੱਤਰਤਾ ਦੀ ਨਿਸ਼ਾਨੀ ਹੈ। ਮਿਠਾਸ ਦੇ ਨਾਲ ਨਰਮੀ ਵੀ ਜ਼ਰੂਰੀ ਹੈ। ਮਿੱਠਾ ਬੋਲਣ ਵਾਲਾ ਜਦੋਂ ਕਰੋਧ ਤੋਂ ਛੁਟਕਾਰਾ ਪਾਉਂਦਾ ਹੈ ਤਾਂ ਉਹ ਕਿਸੇ ਵੀ ਜੀਵ ਪ੍ਰਤੀ ਘ੍ਰਿਣਾ, ਦਵੇਸ਼ ਪੈਦਾ ਨਹੀਂ ਕਰਦਾ। ਮਿਠਾਸ ਦੇ ਨਾਲ ਹੀ ਨਰਮੀ ਦਾ ਪੈਦਾ

ਹੋਣਾ ਸਹਿਜ ਹੈ। ਸਹਿਜ ਲਈ ਹੀ ਦੂਸਰੇ ਮਨੁੱਖ ਗੁਣਾ ਨੂੰ ਸਵੀਕਾਰ ਕਰਦਾ ਹੈ। ਵਸ਼ੀਕਰਨ ਮੰਤਰ ਦੀ ਸਾਧਨਾ ਦੀਆਂ ਦੋ ਵਿਧੀਆਂ ਹਨ। (1) ਹਠ ਯੋਗ (2) ਰਾਜ ਯੋਗ।

ਹਠ ਯੋਗ ਵਿਚ ਮੰਤਰ ਦਾ ਜਾਪ ਕੀਤਾ ਜਾਂਦਾ ਹੈ। ਹਠਯੋਗ ਰਾਹੀਂ ਸਿੱਧ ਕੀਤਾ ਮੰਤਰ ਲੰਬਾ ਸਮਾਂ ਸੁੱਖ ਨਹੀਂ ਦਿੰਦਾ।

ਰਾਜਯੋਗ ਹੀ ਭਲਾਈ ਦਾ ਮਾਰਗ ਹੈ। ਅਚਾਰਿਆ ਸ੍ਰੀ ਪਦਮ ਜਿਨੇਸ਼ਵਰ ਸੂਰੀ ਜੀ ਇਸੇ ਰਾਜ ਯੋਗ ਦਾ ਉਪਦੇਸ਼ ਦਿੰਦੇ ਹਨ। ਇਸ ਲਈ ਕਪਟ ਰਹਿਤ ਜੀਵਨ ਵਿਨੈਵਾਨ ਹਿਰਦੇ ਰਾਹੀਂ ਕੀਤਾ ਪਰਉਪਕਾਰ ਹੈ। ਦੂਸਰੇ ਦੇ ਗੁਣ ਗ੍ਰਹਿਣ ਕਰਨ ਵੀ ਸੱਚਾ ਰਾਜਯੋਗ ਹੈ। ਇਹੋ ਵਸ਼ੀਕਰਣ ਮੰਤਰ ਹੈ। ਸ਼ੇਖ ਫਰੀਦ ਜੀ ਨੇ ਵੀ ਇਸ ਤਰ੍ਹਾਂ ਦੇ ਵਿਚਾਰ ਗੁਰੂ ਬਾਣੀ ਵਿਚ ਪ੍ਰਗਟਾਏ ਹਨ। ਉਹ ਆਖਦੇ ਹਨ ਕਿ ਮਿੱਠਾ ਬੋਲਣਾ, ਨਿਵ ਕੇ ਰਹਿਣਾ, ਪ੍ਰਮਾਤਮਾ ਦੀ ਭਗਤੀ ਕਰਨਾ ਇਹ ਤਿੰਨੇ ਹੀ ਵਸ਼ੀਕਰਨ ਮੰਤਰ ਹਨ। ਇਨ੍ਹਾਂ ਦੇ ਧਾਰਨ ਕਰਨ ਵਾਲਾ ਪ੍ਰਮਾਤਮਾ ਰੂਪੀ ਪਤੀ ਨੂੰ ਵਸ ਵਿਚ ਕਰ ਲੈਂਦਾ ਹੈ। ਹੁਣ ਆਚਾਰਿਆ ਸ੍ਰੀ ਪਦਮ ਜਿਨੇਸ਼ਵਰ ਸੂਰੀ ਜੀ ਸਭ ਕਾਰਜ ਸਿੱਧ ਕਰਨ ਦਾ ਗੁਰ ਦੱਸਦੇ ਹਨ।

पत्थावे जंपिज्जइ सम्माणिज्जइ खलोवि बहु मज्झे ।

नज्जइ सपरविसेसो सथलत्या तस्स सिज्झंति ।।१९।।

ਸਲੋਕ 19 : ਯੋਗ ਸਮੇਂ ਤੇ ਬੋਲਣਾ, ਬਹੁਤੇ ਮਨੁੱਖ ਵਿਚ ਵੀ ਮਾੜੇ ਮਨੁੱਖ ਦਾ ਆਦਰ ਕਰਨਾ ਅਤੇ ਆਪਣੇ ਵਿਚ ਅਤੇ ਦੂਸਰੇ ਵਿਚ ਖਾਸ ਫਰਕ ਸਮਝਣ ਨਾਲ ਸਭ ਕਾਰਜ ਸਿੱਧ ਹੁੰਦੇ ਹਨ।

ਟੀਕਾ : ਮਨੁੱਖ ਨੂੰ ਚਾਹੀਦਾ ਹੈ ਕਿ ਯੋਗ ਸਮੇਂ ਤੇ ਯੋਗ ਗੱਲ ਕਰੇ, ਕਿਉਂਕਿ ਬੇ-ਸਮੇਂ ਕੀਤੀ ਗੱਲ ਬੇ-ਸਮੇ ਹੋਈ ਵਰਖਾ ਦੀ ਤਰ੍ਹਾਂ ਹੈ। ਇਸ ਦਾ ਭਾਵ ਹੈ ਕਿ ਮਨੁੱਖ ਨੂੰ ਬੋਲਣ ਤੋਂ ਪਹਿਲਾਂ ਤੋਲਣਾ (ਸੋਚਣਾ) ਚਾਹੀਦਾ ਹੈ। ਤੋਲਣ ਤੋਂ ਬਾਅਦ ਹੀ ਫੈਸਲਾ ਕਰ ਲੈਣਾ ਚਾਹੀਦਾ ਹੈ।

ਸੰਸਾਰ ਵਿਚ ਚੰਗੇ ਮਾੜੇ ਕਈ ਪ੍ਰਕਾਰ ਦੇ ਪ੍ਰਾਣੀ ਹਨ। ਸੱਚਾ ਮਨੁੱਖ ਸਭ ਦਾ ਮੰਗਲ ਕਲਿਆਣ ਅਤੇ ਭਲਾ ਮੰਗਦਾ ਹੈ। ਬੁਰਾ ਮਨੁੱਖ ਆਪਣੀ ਬੁਰਾਈ ਛੱਡਦਾ, ਚੰਗਾ ਮਨੁੱਖ ਆਪਣੀ ਅੱਛਾਈ ਨਹੀਂ ਛੱਡਦਾ। ਚੰਗੇ ਮਨੁੱਖ ਦਾ ਕਈ ਵਾਰ ਮਾੜੇ ਮਨੁੱਖ ਨਾਲ ਵਾਸਤਾ ਪੈਂਦਾ ਹੈ। ਮਾੜਾ ਮਨੁੱਖ ਭਰੀ ਸਭਾ ਵਿਚ ਚੰਗੇ ਮਨੁੱਖ ਤੇ ਝੂਠੇ ਦੋਸ਼ ਲਾਉਂਦਾ ਹੈ। ਚੰਗਾ ਮਨੁੱਖ ਵਿਵੇਕ ਅਤੇ ਸਹਿਣਸ਼ੀਲਤਾ ਦਾ ਪ੍ਰਗਟਾਵਾ ਕਰਦਾ ਹੈ। ਦੁਸ਼ਟ ਮਨੁੱਖ ਪ੍ਰਤੀ ਕਰੋਧ, ਦਵੇਸ਼ ਨਹੀਂ ਕਰਦਾ। ਸਗੋਂ ਉਸ ਦੇ ਆਖੇ ਬੋਲਾਂ ਨੂੰ ਖਿਮਾ ਕਰ ਦਿੰਦਾ ਹੈ। ਖਿਮਾ ਦੇ ਗੁਣ ਕਾਰਨ ਜੀਵ ਸਾਰੇ ਪ੍ਰਕਾਰ ਦੇ ਕੰਮ ਸੰਵਾਰ ਲੈਂਦਾ ਹੈ।

ਤੀਸਰੀ ਗੱਲ ਆਚਾਰਿਆ ਜੀ ਨੇ ਇਹ ਆਖੀ ਹੈ ਕਿ ਚੰਗਾ ਮਨੁੱਖ ਮਾੜੇ ਮਨੁੱਖ ਦੀ ਆਦਤ ਨੂੰ ਜਾਣਦਾ ਹੋਇਆ ਆਪਣੇ ਅਤੇ ਦੂਸਰੇ ਵਿਚ ਫਰਕ ਸਮਝ ਲੈਂਦਾ ਹੈ। ਸਮਝਦਾਰ ਵਿਅਕਤੀ ਵਿਵੇਕਪੂਰਨ ਵਰਤਾਓ

ਨਾਲ ਸਾਰੇ ਸੰਸਾਰ ਤੇ ਜਿੱਤ ਹਾਸਲ ਕਰਦਾ ਹੈ।

ਇਸ ਤੋਂ ਅੱਗੇ ਆਚਾਰਿਆ ਸ਼੍ਰੀ ਪਦਮ ਜਿਨੇਸ਼ਵਰ ਸੂਰੀ ਜੀ ਖ਼ਾਨਦਾਨੀ ਮਨੁੱਖ ਦੇ ਗੁਣ ਬਿਆਨ ਕਰਦੇ ਹਨ।

मंत तंताणं न पारो गम्मइ नइ परगगहेअ बीएहिं ।

पड़िवन्नं पालिज्जइ सुकुलीणत्तं हवइ एवं ।।२०।।

ਸਲੋਕ 20 : ਮੰਤਰ ਅਤੇ ਤੰਤਰ ਨਹੀਂ ਰੱਖਣਾ, ਦੂਸਰੇ ਦੇ ਘਰ ਇਕੱਲਾ ਨਾ ਜਾਣਾ, ਅੰਗੀਕਾਰ ਕੀਤਾ (ਸੰਜਮ ਜਾਂ ਵਰਤ) ਪੂਰਨ ਰੂਪ ਵਿਚ ਕਰਨ ਨਾਲ ਕੁਲੀਨਤਾ ਪ੍ਰਾਪਤ ਹੁੰਦੀ ਹੈ।

ਟੀਕਾ : ਸ਼ਾਸਤਰਕਾਰ ਨੇ ਇਥੇ ਕੁਲੀਨ ਦਾ ਲੱਛਣ ਦੱਸਿਆ ਹੈ। ਜੈਨ ਧਰਮ ਕਿਸੇ ਖਾਸ ਜਾਤ, ਕੁਲ ਜਾਂ ਵਰਣ ਵਿਚ ਪੈਦਾ ਹੋਏ ਮਨੁੱਖ ਨੂੰ ਉੱਚਾ ਨਹੀਂ ਮੰਨਦਾ। ਜੈਨ ਧਰਮ ਵਿਚ ਮਨੁੱਖ ਦੇ ਕੰਮ ਹੀ ਉਸ ਦੀ ਪਛਾਣ ਹਨ। ਸੱਚਾ ਕੁਲੀਨ ਕੌਣ ਹੈ ? ਸੱਚਾ ਕੁਲੀਨ ਦਾ ਆਧਾਰ ਗੁਣ ਹੈ ਨਾ ਕਿ ਜਨਮ ਜਾਤ ਉੱਚੀ ਜਾਤੀ। ਜੋ ਗੁਣ ਕੁਲੀਨ ਵਿਚ ਚਾਹੀਦੇ ਹਨ ਸ਼ਾਸਤਰਕਾਰ ਨੇ ਉਨ੍ਹਾਂ ਨੂੰ ਸੰਖੇਪ ਵਿਚ ਦੱਸਿਆ ਹੈ।

ਪਹਿਲਾ ਹੈ ਜੰਤਰ ਮੰਤਰ ਅਤੇ ਤੰਤਰ ਦਾ ਤਿਆਗ। ਮੰਤਰ ਸ਼ਾਸਤਰ ਦਾ ਆਧਾਰ ਹਠਯੋਗ ਹੈ ਜਦੋਂ ਕਿ ਕੁਲੀਨ ਵਿਅਕਤੀ ਰਾਜਯੋਗ

ਤੇ ਚੱਲਦਾ ਹੈ। ਮੰਤਰ ਪ੍ਰਤੀ ਸ਼ਰਧਾ ਕਾਰਨ ਤਾਂਤਰਿਕਤਾਂ ਦਾ ਜੀਵ-ਆਤਮ ਪ੍ਰਤੀ ਗਿਆਨ ਅਤੇ ਵਿਸ਼ਵਾਸ ਸਮਾਪਤ ਹੋ ਕਦਾ ਹੈ। ਕਈ ਮਿਥਿਆਤਕੀ ਦੇਵਤਿਆਂ ਦੀ ਅਰਾਧਨਾ ਵੀ ਇਨ੍ਹਾਂ ਮੰਤਰਾਂ ਵਿਚ ਕੀਤੀ ਹੈ। ਮੰਤਰ ਕਾਰਨ ਮਨੁੱਖ ਕਰਮ ਫਲ ਤੋਂ ਡਰਦਾ ਹੈ ਪਰ ਜੀਵਨ ਦੀ ਸਮੁੱਚੀ ਪ੍ਰਕਿਰਿਆ ਦਾ ਕੇਂਦਰ ਕਰਮ ਹੈ। ਸੋ ਕੁਲੀਨ ਮਨੁੱਖ ਮੰਤਰ ਜੰਤਰ ਦੇ ਜਾਲ ਵਿਚ ਨਾ ਫਸ ਕੇ ਆਪਣਾ ਸ਼ੁਭ ਕਰਮ ਕਰਦਾ ਹੈ। ਇਹੋ ਕੁਲੀਨਤਾ ਦਾ ਪਹਿਲਾ ਲੱਛਣ ਹੈ। ਕੁਲੀਨ ਵਿਅਕਤੀ ਆਪਣੀ ਯੋਗਤਾ ਅਤੇ ਕਰਮ ਫਲ ਨਾਲ ਹਰ ਵਸਤੂ ਪ੍ਰਾਪਤ ਕਰਦਾ ਹੈ। ਉਹ ਜੰਤਰ ਮੰਤਰ ਦੀ ਥਾਂ ਕਰਮ ਵਿਚ ਵਿਸ਼ਵਾਸ ਰੱਖਦਾ ਹੈ।

ਦੂਸਰਾ ਲੱਛਣ ਹੈ ਕਿ ਖਾਨਦਾਨੀ ਮਨੁੱਖ ਪਰਾਏ ਘਰ ਵਿਚ ਇਕੱਲਾ ਨਾ ਜਾਣ ਦਾ ਨਿਯਮ ਪਾਲਦਾ ਹੈ। ਪਰਾਏ ਘਰ ਵਿਚ ਇਕਲਾ ਜਾਣ ਨਾਲ ਚੋਰੀ ਅਤੇ ਵਿਅਭੀਚਾਰ ਦਾ ਦੋਸ਼ ਕੁਲੀਨ ਵਿਅਕਤੀ ਤੇ ਲੱਗ ਸਕਦਾ ਹੈ। ਇਸ ਤਰ੍ਹਾਂ ਦੇ ਦੋਸ਼ ਤੋਂ ਬਚਦਾ ਹੋਇਆ ਜੀਵ ਝੂਠੇ ਕਲੰਕ ਲੱਗਣ ਤੋਂ ਬਚਦਾ ਹੈ।

ਤੀਸਰੀ ਗੱਲ ਕੁਲੀਨ ਵਿਅਕਤੀ ਦੀ ਇਹ ਹੈ ਕਿ ਉਹ ਆਪਣੇ ਵਚਨ ਦਾ ਪੱਕਾ ਹੁੰਦਾ ਹੈ। ਕਿਸੇ ਦਾ ਭਲਾ ਕਰਦਾ ਹੋਇਆ ਉਹ ਅਨੇਕਾਂ ਕਸ਼ਟ, ਵਿਘਨ ਸਹਿਣ ਕਰਦਾ ਹੈ। ਦੂਸਰੇ ਵਿਅਕਤੀ ਦੀ ਅੰਤਰ ਆਤਮਾ ਨਾਲ ਮਦਦ ਕਰਦਾ ਹੈ। ਕਦੇ ਵੀ ਉਸ (ਦੂਸਰੇ ਵਿਅਕਤੀ) ਦਾ

ਸਾਥ ਨਹੀ ਛੱਡਣਾ।

ਅੱਗੇ ਆਚਾਰਿਆ ਸ੍ਰੀ ਪਦਮ ਜਿਨੇਸ਼ਵਰ ਸੂਰੀ ਜੀ ਪ੍ਰੇਮ ਨੂੰ ਮਜਬੂਤੀ ਦੇਣ ਲਈ ਮਹੱਤਵਪੂਰਨ ਇਸ਼ਾਰੇ ਦਿੰਦੇ ਹਨ।

भुंजइ भुंजा विज्जइ पुच्छिज्ज मणोगयं कहिज्ज सयं ।
दिज्जइ लिज्जइ उचिअं इछिज्जइ जइ थिरं पिम्मं ।।२१।।

ਸਲੋਕ 21 : ਜੋ ਮਨੁੱਖ ਪ੍ਰੇਮ ਨੂੰ ਮਜ਼ਬੂਤ ਰੱਖਣਾ ਚਾਹੇ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਮਿੱਤਰ ਦੇ ਘਰ ਭੋਜਨ ਕਰੇ। ਉਸ ਨੂੰ ਆਪਣੇ ਘਰ ਭੋਜਨ ਤੇ ਬੁਲਾਵੇ, ਮਨ ਦੇ ਭੇਦ ਪੁੱਛੇ ਅਤੇ ਆਪਣੇ ਭੇਦ ਆਖੇ ਅਤੇ ਯੋਗ ਵਸਤੂ ਲਵੇ ਅਤੇ ਦੇਵੇ।

ਟੀਕਾ : ਜੰਗਲ ਵਿਚ ਰਹਿਣਾ ਸਰਲ ਹੈ ਪਰ ਬਿਨਾਂ ਪ੍ਰੇਮ ਦੇ ਮਨੁੱਖ ਇਕ ਪਲ ਵੀ ਨਹੀਂ ਜੀ ਸਕਦਾ। ਇਸ ਲਈ ਜ਼ਿੰਦਗੀ ਵਿਚ ਮਨੁੱਖ ਨੂੰ ਘੱਟੋ ਘੱਟ ਇਕ ਮਿੱਤਰ ਜ਼ਰੂਰ ਬਨਾਉਣਾ ਚਾਹੀਦਾ ਹੈ। ਜਿਸ ਦਾ ਜੀਵਨ ਸਵਾਰਥ ਰਹਿਤ ਹੋਵੇ। ਉਸ ਲਈ ਕੁਝ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਸਭ ਤੋਂ ਵੱਡੀ ਗੱਲ ਹੈ ਮਿੱਤਰ ਦੇ ਘਰ ਭੋਜਨ ਕਰਨਾ ਅਤੇ ਉਸ ਨੂੰ ਭੋਜਨ ਤੇ ਬੁਲਾਉਣਾ। ਭੋਜਨ ਦੇ ਕਰਨ ਨਾਲ ਇਕ ਦੂਸਰੇ ਨੂੰ ਸਮਝਣ ਦਾ ਚੰਗਾ ਮੌਕਾ ਮਿਲ ਜਾਦਾ ਹੈ। ਇਸ ਬਹਾਨੇ ਇਕ ਦੂਸਰੇ ਦੇ ਪਰਿਵਾਰ ਦੇ ਮੈਂਬਰਾਂ ਨਾਲ

ਮੇਲ ਮਿਲਾਪ ਹੁੰਦਾ ਰਹਿੰਦਾ ਹੈ। ਪਰ ਘਰ ਵਿਚ ਜਾਣ ਸਮੇਂ ਆਪਣੇ ਸੰਜਮ ਵਿਚ ਰਹਿਣਾ ਚਾਹੀਦਾ ਹੈ। ਮਿੱਤਰ ਦੇ ਮਾਂ-ਬਾਪ, ਭੈਣ ਇੱਥੋਂ ਤੱਕ ਕਿ ਪਤਨੀ ਨੂੰ ਵੀ ਭੈਣ ਮੰਨਣਾ ਜ਼ਰੂਰੀ ਹੈ। ਮਨੂਸਮ੍ਰਿਤੀ ਵਿਚ ਤਾਂ ਮਿੱਤਰ ਦੀ ਪਤਨੀ ਨੂੰ ਮਾਂ ਵਰਗਾ ਦਰਜਾ ਦਿੱਤਾ ਗਿਆ ਹੈ।

ਹਰ ਵਿਅਕਤੀ ਦੇ ਮਨ ਵਿਚ ਕੁਝ ਗੁੱਝੇ ਭੇਦ ਹੁੰਦੇ ਹਨ ਜਿਨ੍ਹਾਂ ਨੂੰ ਉਹ ਹਰੇਕ ਅੱਗੇ ਪ੍ਰਗਟ ਨਹੀਂ ਕਰ ਸਕਦਾ। ਮਿੱਤਰ ਤੋਂ ਇਲਾਵਾ ਕੋਈ ਚੰਗੀ ਥਾਂ ਇਨ੍ਹਾਂ ਭੇਦਾਂ ਸਮੱਸਿਆਵਾਂ ਨੂੰ ਦੱਸਣ ਦੀ ਸੰਸਾਰ ਵਿਚ ਹੋਰ ਕਿਤੇ ਨਹੀਂ। ਮਿੱਤਰ ਇਕ ਭਾਵ ਹੈ। ਜੈਨ ਧਰਮ ਵਿਚ ਸੰਸਾਰ ਦੇ ਹਰ ਪ੍ਰਾਣੀਆਂ ਨਾਲ ਮੈਤਰੀ ਦਿਵਸ (ਪ੍ਰਯੂਸ਼ਨ) ਮਨਾਇਆ ਜਾਂਦਾ ਹੈ। ਇਸੇ ਪ੍ਰਕਾਰ ਮਿੱਤਰ ਦੇ ਮਨ ਦੇ ਭੇਦ ਵੀ ਜਾਣ ਕੇ ਉਨ੍ਹਾਂ ਨੂੰ ਹੱਲ ਕਰਨ ਵਿਚ ਸ਼ਕਤੀ ਅਨੁਸਾਰ ਸਹਿਯੋਗ ਦੇਣਾ ਚਾਹੀਦਾ ਹੈ। ਇਹ ਮਨ ਦੇ ਭੇਦ ਦੋ ਵਿਅਕਤੀਆਂ ਵਿਚ ਰਹਿਣੇ ਚਾਹੀਦੇ ਹਨ, ਤੀਸਰੇ ਵਿਚ ਨਹੀਂ।

ਇਸੇ ਪ੍ਰਕਾਰ ਪਿਆਰੇ ਮਿੱਤਰ ਨੂੰ ਯੋਗ ਸਮੇਂ ਉੱਤਮ ਤੋਹਫ਼ੇ ਯਥਾ ਸ਼ਕਤੀ ਦੇਵੋ ਅਤੇ ਮਿੱਤਰ ਤੋਂ ਤੋਹਫ਼ੇ ਵੀ ਲਵੋ।

कोवि न अवमन्निज्जइ नय गविज्जइ गुणेहिं निअपहिं ।

न विम्हओ वहिज्जइ वहु रयणा जेणिमा पुहवी ।।२२।।

ਸ਼ਲੋਕ 22 : ਕਿਸੇ ਦੀ ਬੇਇੱਜ਼ਤੀ ਨਾ ਕਰਨਾ, ਆਪਣੇ ਗੁਣਾਂ ਦਾ ਘਮੰਡ

ਨਾ ਕਰਨਾ, ਮੋਹ ਵਿਕਾਰ ਤੋਂ ਦੂਰ ਰਹਿਣਾ ਇਹ ਧਰਮ ਤੇ ਨਜ਼ਰ ਆਉਣ ਵਾਲੇ ਰਤਨ ਹਨ।

ਟੀਕਾ : ਆਚਾਰਿਆ ਸ੍ਰੀ ਪਦਮ ਜਿਨੇਸ਼ਵਰ ਸੂਰੀ ਨੇ ਧਰਤੀ ਤੇ ਰਤਨ ਲੱਭਣ ਦੀ ਕਲਾ ਦੱਸਦਿਆਂ ਫੁਰਮਾਇਆ ਹੈ ਕਿ ਸਮਝਦਾਰ ਮਨੁੱਖ ਨੂੰ ਕਿਸੇ ਦੀ ਵੀ ਬੇਇੱਜ਼ਤੀ; ਅਪਮਾਨ ਨਹੀਂ ਕਰਨਾ ਚਾਹੀਦਾ। ਕਿਸੇ ਦੇ ਮਨ ਨੂੰ ਦੁੱਖਾਉਣ ਵਾਲੇ ਵਚਨ ਨਹੀਂ ਬੋਲਣੇ ਚਾਹੀਦੇ। ਕਿਸੇ ਵਿਅਕਤੀ ਦਾ ਅਪਮਾਨ, ਸਾਰੀ ਮਨੁੱਖ ਜਾਤੀ ਦਾ ਅਪਮਾਨ ਹੈ। ਇਕੱਲੇ ਮਨੁੱਖ ਦਾ ਨਹੀਂ। ਕਿਸੇ ਤਰ੍ਹਾਂ ਦਾ ਅਪਮਾਨ ਮਨੁੱਖ ਵਿਚ ਵੈਰ ਵਿਰੋਧ ਰਾਗ-ਦਵੇਸ਼ ਨੂੰ ਜਨਮ ਦਿੰਦਾ ਹੈ। ਰਾਗ ਦਵੇਸ਼ ਕਰਮਬੰਧ ਦੇ ਬੀਜ ਹਨ। ਕਰਮ ਬੰਧ ਜਨਮ-ਮਰਨ ਦਾ ਕਾਰਨ ਹੈ।

ਧਰਤੀ ਤੇ ਦੂਸਰਾ ਰਤਨ ਹੈ ਆਪਣੇ ਗੁਣਾਂ ਦਾ ਘਮੰਡ ਕਰਨਾ। ਘਮੰਡ ਕਿਸੇ ਵੀ ਤਰ੍ਹਾਂ ਦਾ ਹੋਵੇ ਮਾੜਾ ਹੈ। ਘਮੰਡ ਕਾਰਨ ਜੀਵ ਆਤਮ ਪ੍ਰਸ਼ੰਸਾ ਵਿਚ ਫ਼ਸਦਾ ਹੈ। ਘਮੰਡੀ ਵਿਅਕਤੀ ਪਾਪਾਂ ਦੀ ਆਲੋਚਨਾ ਨਹੀਂ ਕਰਦਾ। ਸੋ ਹਰ ਪ੍ਰਕਾਰ ਦਾ ਘਮੰਡ ਪਾਪਾਂ ਨੂੰ ਜਨਮ ਦੇਣ ਵਾਲਾ ਹੈ। ਸ਼ਾਸਤਰਾਂ ਵਿਚ ਅੱਠ ਪ੍ਰਕਾਰ ਦੇ ਹੰਕਾਰ (ਮੱਦ) ਦੱਸੇ ਗਏ ਹਨ।

ਤੀਸਰਾ ਗੁਣ ਵਿਕਾਰ ਰਹਿਤ ਜੀਵਨ ਗੁਜ਼ਾਰਨਾ ਹੈ। ਸੰਸਾਰ ਵਿਚ ਵਿਕਾਰ ਵਾਲਾ ਜੀਵ ਹਰ ਪ੍ਰਕਾਰ ਦੇ ਪਾਪ ਕਰਦਾ ਹੈ। ਇਨ੍ਹਾਂ ਘਮੰਡ ਆਦਿ ਵਿਕਾਰਾਂ ਤੇ ਕਾਬੂ ਪਾਉਣ ਵਾਲਾ ਮਿੱਥਿਆ ਦ੍ਰਿਸ਼ਟੀ (ਕੂੜ) ਨੂੰ ਛੱਡ

ਕੇ ਸਮਿਅੱਕਤਵ ਨੂੰ ਗ੍ਰਹਿਣ ਕਰਦਾ ਹੈ।

ਸ਼ਾਸਤਰਕਾਰ ਨੇ ਫੁਰਮਾਇਆ ਹੈ ਕਿ ਜੋ ਜੀਵ ਇਨ੍ਹਾਂ ਗੁਣਾਂ ਨੂੰ ਧਾਰਨ ਕਰਦਾ ਹੈ, ਉਸ ਨੂੰ ਕਿਸੇ ਪ੍ਰਕਾਰ ਦਾ ਸੰਸਾਰਿਕ ਕਸ਼ਟ ਕਲੇਸ਼ ਉਤਪੰਨ ਨਹੀਂ ਹੁੰਦਾ। ਜੀਵ ਹਮੇਸ਼ਾ ਆਤਮਿਕ ਪ੍ਰਸੰਨਤਾ ਹਾਸਲ ਕਰਦਾ ਹੈ। ਖਿਮਾ ਆਦਿ 10 ਪ੍ਰਕਾਰ ਦੇ ਧਰਮ ਨੂੰ ਧਾਰਣ ਕਰਕੇ ਸਾਧੂ ਜਾਂ ਗ੍ਰਹਿਸਥ ਧਰਮ ਦਾ ਪਾਲਨ ਕਰਦਾ ਹੈ ਅਤੇ ਵਰਤਾਂ ਦਾ ਪਾਲਣ ਕਰਦਾ ਹੋਇਆ ਮੋਕਸ਼ ਨੂੰ ਪ੍ਰਾਪਤ ਕਰਦਾ ਹੈ।

ਅੱਗੇ ਆਚਾਰਿਆ ਸ਼੍ਰੀ ਪਦਮ ਜਿਨੇਸ਼ਵਰ ਸੂਰੀ ਜੀ ਮਹਾਰਾਜ ਉਹ ਰਾਹ ਦੱਸਦੇ ਹਨ ਜਿਸ ਤੇ ਚੱਲਣ ਨਾਲ ਜੀਵ ਸੱਚੀ ਉੱਚਤਾ ਨੂੰ ਪ੍ਰਾਪਤ ਕਰਦਾ ਹੈ।

आरंभिज्जइ लहुअं किज्जइ कज्ज महंत मवि पच्छा ।
न य उक्करिसो किज्जइ लब्भइ गुरू अत्तणं जेण ।।२३।।

ਸ਼ਲੋਕ 23 : ਸਭ ਤੋਂ ਪਹਿਲਾਂ ਛੋਟਾ ਕੰਮ ਕਰਨਾ ਚਾਹੀਦਾ ਹੈ। ਉਸ ਤੋਂ ਬਾਅਦ ਵੱਡੇ ਕੰਮ ਨੂੰ ਹੱਥ ਪਾਉਣਾ ਚਾਹੀਦਾ ਹੈ ਅਤੇ ਕਿਸੇ ਕਿਸਮ ਦੀ ਯੋਗਤਾ ਪ੍ਰਾਪਤ ਕਰਕੇ ਹੰਕਾਰ ਨਹੀਂ ਕਰਨਾ ਚਾਹੀਦਾ। ਇਸ ਨਾਲ ਮਹਾਨਤਾ ਪ੍ਰਾਪਤ ਹੁੰਦੀ ਹੈ।

ਟੀਕਾ : ਆਚਾਰਿਆ ਸ਼੍ਰੀ ਪਦਮ ਜਿਨੇਸ਼ਵਰ ਸੂਰੀ ਜੀ ਮਹਾਰਾਜ ਸੱਚੀ ਮਹਾਨਤਾ ਦਾ ਸਾਰ ਦੱਸਦੇ ਹੋਏ ਫੁਰਮਾਉਂਦੇ ਹਨ ਕਿ ਸੰਸਾਰ ਵਿਚ ਕੋਈ ਵੀ

ਛੋਟਾ ਜਾਂ ਵੱਡਾ ਨਹੀਂ ਹੁੰਦਾ। ਹਰ ਛੋਟਾ ਕੰਮ ਹੀ ਵੱਡਾ ਬਣਦਾ ਹੈ। ਬਿੰਦੂ ਤੋਂ ਸਿੰਧੂ ਬਣਦਾ ਹੈ। ਹਰ ਕਤਰੇ ਦਾ ਦਰਿਆ ਬਣਦਾ ਹੈ। ਇਹ ਜੀਵ ਵੀ ਜਦ ਪੈਦਾ ਹੁੰਦਾ ਹੈ ਉਹ ਛੋਟਾ ਹੀ ਹੁੰਦਾ ਹੈ। ਸੋ ਛੋਟਾ ਸਿਰਫ਼ ਛੋਟਾ ਹੈ ਇਸ ਕਰਕੇ ਉਸ ਤੋਂ ਭੱਜਣਾ ਬੇਵਕੂਫ਼ੀ ਹੈ। ਇਕ ਬੀਜ ਤੋਂ ਹੀ ਬੂਟਾ, ਫੁੱਲ ਤੇ ਫਲ ਪੈਦਾ ਹੁੰਦੇ ਹਨ। ਸੋ ਸਮਝਦਾਰੀ ਇਸ ਗੱਲ ਵਿਚ ਹੈ ਕਿ ਕੰਮ ਥੋੜ੍ਹੇ ਸਤਰ ਤੇ ਸ਼ੁਰੂ ਕਰਨਾ ਚਾਹੀਦਾ ਹੈ। ਜਦ ਇਸ ਵਿਚ ਸਫਲਤਾ ਮਿਲੇ ਤਾਂ ਫਿਰ ਵੱਡੇ ਸਤਰ ਤੇ ਵੀ ਕਰ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਜੀਵ ਨੂੰ ਕਿਸੇ ਪ੍ਰਕਾਰ ਦਾ ਘਾਟਾ, ਮੰਦਾ ਜਾਂ ਦੁੱਖ ਨਹੀਂ ਉਪਜਦਾ।

ਛੋਟੇ ਕੰਮ ਤੋਂ ਵੱਡੇ ਕੰਮ ਨੂੰ ਹੱਥ ਪਾਉਣ ਨਾਲ ਉਸ ਦੀਅ ਸਫਲਤਾ ਵਿਚ ਆਉਣ ਵਾਲੀਆਂ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ।

ਜਦ ਮਨੁੱਖ ਛੋਟੇ ਕੰਮ ਤੋਂ ਵੱਡੇ ਕੰਮ ਵਿਚ ਸਫਲਤਾ ਪ੍ਰਾਪਤ ਕਰਦਾ ਹੈ ਤਾਂ ਧਨ-ਸੰਪਤੀ ਵਿਚ ਵਾਧਾ ਹੋਣਾ ਸਹਿਜ ਹੈ। ਧਨ ਸੰਪਤੀ ਦਾ ਵਾਧਾ ਕਈ ਤਰ੍ਹਾਂ ਦੇ ਹੰਕਾਰ ਨੂੰ ਪੈਦਾ ਕਰਦਾ ਹੈ। ਹੰਕਾਰ ਹਰ ਤਰ੍ਹਾਂ ਦੀ ਤਰੱਕੀ ਵਿਚ ਮੁੱਖ ਰੁਕਾਵਟ ਹੈ। ਜੀਵ ਨੂੰ ਹਰ ਕਦਮ ਤੇ ਸਫਲਤਾ ਪਾ ਕੇ ਹੰਕਾਰ ਤੋਂ ਬਚਣਾ ਚਾਹੀਦਾ ਹੈ। ਹੰਕਾਰ ਕਰਨਾ ਕਰਮ-ਬੰਧ (ਸੰਗ੍ਰਹਿ) ਦਾ ਮੁੱਖ ਕਾਰਨ ਹੈ। ਕਰਮ ਬੰਧ ਆਵਾਗਮਨ ਦਾ ਕਾਰਨ ਹੈ। ਜਨਮ, ਬੁਢਾਪਾ ਦੁੱਖ ਦਾ ਕਾਰਨ ਹੈ। ਸੋ ਛੋਟੇ ਕੰਮ ਨੂੰ ਪਿਆਰ ਤੇ ਧਿਆਨ ਕਰਨ ਵਾਲਾ, ਛੋਟੇ ਤੋਂ ਵੱਡਾ ਕੰਮ ਕਰਨ ਵਾਲਾ ਅਤੇ ਹੰਕਾਰ ਰਹਿਤ ਪ੍ਰਾਣੀ ਹੀ ਉੱਚਤਾ

ਪ੍ਰਾਪਤ ਕਰਦਾ ਹੈ।

झाइज्जई परमप्पा अप्प समाणो गणिज्जइ परो ।

किज्जइ न राग दोसो छिन्निज्जइ तेण संसारो ।।२४।।

ਸ਼ਲੋਕ 24 : ਤੀਰਥੰਕਰ (ਪ੍ਰਮਾਤਮਾ) ਦਾ ਧਿਆਨ ਕਰਨਾ ਚਾਹੀਦਾ ਹੈ। ਦੂਸਰੇ ਨੂੰ ਆਪਣੇ ਸਮਾਨ ਸਮਝਣਾ। ਰਾਗ ਦਵੇਸ਼ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਨਾਲ ਸੰਸਾਰ ਦੇ ਆਵਾ-ਗਮਨ ਦੇ ਚੱਕਰ ਸਮਾਪਤ ਕਰਕੇ ਜੀਵ ਮੋਕਸ਼ ਹਾਸਲ ਕਰਦਾ ਹੈ।

ਟੀਕਾ : ਸ਼ਾਸਤਰਕਾਰ ਨੇ ਉਹ ਢੰਗ ਦੱਸਿਆ ਹੈ ਜਿਸ ਨਾਲ ਆਤਮਾ ਜਨਮ ਮਰਨ ਦੇ ਚੱਕਰ ਤੋਂ ਛੇਤੀ ਹੀ ਛੁੱਟ ਜਾਂਦੀ ਹੈ। ਸ਼ਾਸਤਰਕਾਰ ਨੇ ਇਸ ਲਈ ਤਿੰਨ ਹਿਦਾਇਤਾਂ ਦੱਸੀਆਂ ਹਨ।

ਸਭ ਤੋਂ ਪਹਿਲਾਂ ਵੀਤਰਾਗ-ਤੀਰਥੰਕਰ-ਅਰਿਹੰਤ ਪ੍ਰਮਾਤਮਾ ਦਾ ਧਿਆਨ ਕਰਨਾ ਚਾਹੀਦਾ ਹੈ ਕਿਉਂਕਿ ਰਾਗ-ਦਵੇਸ਼ ਮੁਕਤ ਆਤਮਾ ਦਾ ਧਿਆਨ ਕਰਨ ਨਾਲ ਆਤਮਾ ਰਾਗ-ਦਵੇਸ਼ ਤੋਂ ਮੁਕਤ ਹੋ ਕੇ ਅਰਿਹੰਤ ਅਵਸਥਾ ਪ੍ਰਾਪਤ ਕਰ ਲੈਂਦੀ ਹੈ। ਅਰਿਹੰਤ ਅਵਸਥਾ ਆਤਮਾ ਦਾ ਆਖ਼ਿਰੀ ਜਨਮ ਹੁੰਦਾ ਹੈ। ਅਰਿਹੰਤ ਤੋਂ ਬਾਅਦ ਆ ਤਮਾ ਜਨਮ ਮਰਨ ਤੋਂ ਛੁਟਕਾਰਾ ਪ੍ਰਾਪਤ ਕਰਕੇ ਸਿੱਧ ਅਵਸਥਾ ਨੂੰ ਪ੍ਰਾਪਤ ਕਰ ਲੈਂਦੀ ਹੈ।

ਪ੍ਰਮਾਤਮਾ ਦੇ ਧਿਆਨ ਕਰਨ ਤੋਂ ਬਾਅਦ ਦੂਸਰੀ ਗੱਲ ਹੈ ਕਿ ਸੰਸਾਰ ਦੇ ਜੀਵਾਂ ਨੂੰ ਆਪਣੀ ਤਰ੍ਹਾਂ ਸਮਝੋ। ਕੋਈ ਜੀਵ ਆਪਣੀ ਆਤਮਾ

ਨੂੰ ਦੂਸਰੇ ਦੀ ਆਤਮਾ ਦੇ ਤੁਲ ਸਮਝਦਾ ਹੈ ਤਾਂ ਉਸ ਜੀਵ ਵਿਚ ਅਹਿੰਸਾ ਦੀ ਭਾਵਨਾ ਜਾਗਦੀ ਹੈ, ਰਹਿਮ ਜਾਗਦਾ ਹੈ। ਖਿਮਾ ਭਾਵ ਪ੍ਰਗਟ ਹੁੰਦਾ ਹੈ। ਅਹਿੰਸਾ ਦਾ ਰਾਹੀ ਨਾ ਤਾਂ ਝੂਠ ਬੋਲਦਾ ਹੈ, ਨਾ ਚੋਰੀ ਕਰਦਾ ਹੈ। ਉਹ ਵਿਭਚਾਰ ਅਤੇ ਸੰਪਤੀ ਸੰਗ੍ਰਹਿ ਵਿਚ ਨਹੀਂ ਫਸਦਾ। ਜੀਵ ਨੂੰ ਆਪਣੇ ਸਮਾਨ ਸਮਝਣ ਵਾਲਾ ਕਿਸੇ ਦਾ ਕਿਸੇ ਵੀ ਪੱਖੋਂ ਨੁਕਸਾਨ ਕਰਨ ਦੀ ਨਹੀਂ ਸੋਚ ਸਕਦਾ।

ਸੰਸਾਰ ਵਿਚ ਹਮਦਰਦੀ ਦਾ ਵਾਤਾਵਰਨ ਅਜਿਹਾ ਜੀਵ ਹੀ ਪੈਦਾ ਕਰ ਸਕਦਾ ਹੈ ਜੋ ਸਾਰੇ ਜੀਵਾਂ ਦੀ ਆਤਮਾ ਨੂੰ ਆਪਣੀ ਆਤਮਾ ਦੀ ਤਰ੍ਹਾਂ ਸਮਝਦਾ ਹੈ। ਸਭ ਜੀਵਾਂ ਪ੍ਰਤੀ ਹਮਦਰਦੀ, ਸਹਿਨਸ਼ੀਲਤਾ, ਭਾਈਚਾਰਾ, ਰਹਿਮ, ਨਿਸਵਾਰਥ ਪ੍ਰੇਮ, ਸਵਾਰਥ ਦਾ ਤਿਆਗ। ਇਹ ਗੁਣਾਂ ਦਾ ਧਾਰਕ ਹੀ ਆਪਣੀ ਤਰ੍ਹਾਂ ਹੋਰ ਜੀਵਾਂ ਨੂੰ ਮਨ ਸਕਦਾ ਹੈ। ਇਨ੍ਹਾਂ ਗੁਣਾਂ ਦਾ ਵਿਕਾਸ ਹਰੇਕ ਜੀਵ ਨੂੰ ਕਰਨਾ ਚਾਹੀਦਾ ਹੈ। ਇਹ ਸਮਾਨਤਾ ਭਾਵ ਨਾਲ ਜੀਵ ਗਿਆਨ, ਦਰਸ਼ਨ ਚਾਰਿੱਤਰ ਦੀ ਸੱਚੀ ਉਪਾਸਨਾ ਕਰ ਸਕਦਾ ਹੈ। ਅਜਿਹੇ ਵਿਚਾਰਾਂ ਵਾਲਾ ਮਹਾਵਰਤਾਂ ਜਾਂ ਅਨੁਵਰਤਾਂ ਰਾਹੀਂ ਸਾਧੂ ਧਰਮ ਜਾਂ ਗ੍ਰਹਿਸਥ ਧਰਮ ਅੰਗੀਕਾਰ ਕਰਦਾ ਹੈ। ਵਰਤ ਤੋਂ ਬਿਨਾਂ ਕੋਈ ਵੀ ਜੀਵ ਆਤਮ ਗਿਆਨ ਪ੍ਰਾਪਤ ਨਹੀਂ ਕਰ ਸਕਦਾ।

ਤੀਸਰੀ ਗੱਲ ਬਹੁਤ ਮਹੱਤਵਪੂਰਨ ਹੈ ਕਿ ਜੀਵ ਨੂੰ ਰਾਗ ਅਤੇ ਦਵੇਸ਼ ਨਹੀਂ ਕਰਨਾ ਚਾਹੀਦਾ। ਰਾਗ ਤੋਂ ਭਾਵ ਚੰਗੇ ਪ੍ਰਤੀ ਲਗਾਵ ਹੈ, ਦਵੇ

ਸ਼ ਤੋਂ ਭਾਵ ਮਾੜੇ ਪ੍ਰਤੀ ਨਫ਼ਰਤ। ਜੀਵ ਨੂੰ ਰਾਗ-ਦਵੇਸ਼ ਤੋਂ ਰਹਿਤ ਹੋ ਕੇ ਸਮਭਾਵ ਜਾਂ ਸਮਤਾ ਵਿਚ ਜਿਉਣਾ ਚਾਹੀਦਾ ਹੈ। ਰਾਗ-ਦਵੇਸ਼ ਜਨਮ ਮਰਨ ਦਾ ਪ੍ਰਮੁੱਖ ਕਾਰਨ ਹੈ। ਰਾਗ ਦਵੇਸ਼ ਕਾਰਨ ਆਤਮਾ ਤੇ ਕਰਮਾਂ ਦਾ ਚੱਕਰ ਚੱਲਦਾ ਰਹਿੰਦਾ ਹੈ। ਰਾਗ ਦਵੇਸ਼ ਛੱਡਣਾ ਔਖਾ ਹੈ। ਸੰਸਾਰ ਵਿਚ ਪਰਿਗ੍ਰਹਿ (ਸੰਪਤੀ ਦਾ ਜ਼ਰੂਰਤ ਤੋਂ ਜ਼ਿਆਦਾ ਸੰਗ੍ਰਹਿ) ਹੀ ਰਾਗ-ਦਵੇਸ਼ ਦਾ ਕਾਰਨ ਹੈ। ਰਾਗ ਦਵੇਸ਼ ਕਾਰਨ ਮਨੁੱਖ ਹਰ ਪ੍ਰਕਾਰ ਦੇ ਪਾਪ ਕਰਦਾ ਹੈ। ਮਿੱਥਿਆਤਵ ਕਾਰਨ ਜੀਵ ਆਪਣੀ ਆਤਮਾ ਨੂੰ ਭਟਕਾਉਂਦਾ ਹੈ। ਆਤਮਾ ਅਗਿਆਨ ਅਵਸਥਾ ਵਿਚ ਰਾਗ ਦਵੇਸ਼ ਕਾਰਨ ਫਸਦੀ ਹੈ। ਸੱਚੇ ਦੇਵ ਗੁਰੂ ਅਤੇ ਧਰਮ ਦੀ ਪ੍ਰਾਪਤੀ ਨਹੀਂ ਹੁੰਦੀ। ਮਿੱਥਿਆਤਵ ਕਾਰਨ ਮਨੁੱਖ ਦੇਵ ਦੀ ਥਾਂ ਤੇ ਕੁਦੇਵ, ਗੁਰੂ ਦੀ ਥਾਂ ਕੁਗੁਰੂ ਅਤੇ ਧਰਮ ਦੀ ਥਾਂ ਅਧਰਮ ਦਾ ਆਚਰਨ ਕਰਦਾ ਹੈ। ਜੀਵ ਹਨੇਰੇ ਵਿਚ ਘੁੰਮਦਾ ਰਹਿੰਦਾ ਹੈ। ਉਹ ਪ੍ਰਕਾਸ਼ ਨੂੰ ਹਨੇਰਾ ਸਮਝਦਾ ਹੈ। ਰਾਗ-ਦਵੇਸ਼ ਕਾਰਨ ਜੀਵ ਸਮਿੱਅਕਤਵ (ਸਹੀ) ਤੋਂ ਮੀਲਾਂ ਦੂਰ ਰਹਿੰਦਾ ਹੈ। ਰਾਗ ਦਵੇਸ਼ ਕਾਰਨ ਜੀਵ ਅਨੇਕਾਂ ਪਾਪਾਂ ਦਾ ਸੇਵਨ ਕਰਦਾ ਹੋਇਆ ਨਰਕ ਅਤੇ ਪਸ਼ੂ ਆਦਿ ਗਤੀਆਂ ਨੂੰ ਪ੍ਰਾਪਤ ਹੋ ਕੇ ਦੁੱਖ ਭੋਗਦਾ ਹੈ। ਆਚਾਰਿਆ ਸ਼੍ਰੀ ਪਦਮ ਜਿਨੇਸ਼ਵਰ ਸੂਰੀ ਜੀ ਨੇ ਸੰਸਾਰ ਨੂੰ ਖ਼ਤਮ ਕਰਨ ਦੇ ਤਿੰਨ ਰਾਹ ਦੱਸੇ ਹਨ। (1) ਪਰਮਾਤਮਾ ਦਾ ਧਿਆਨ ਕਰਨਾ (ਕਿਉਂਕਿ ਉਹ ਰਾਗ-ਦਵੇਸ਼ ਤੋਂ ਮੁਕਤ ਹੈ) (2) ਆਪਣੇ ਤਰ੍ਹਾਂ ਦੂਸਰੀ ਆਤਮਾ ਨੂੰ ਸਮਝਣਾ (3) ਰਾਗ ਦਵੇਸ਼ ਨਾ ਕਰਨਾ।

ਸਲੋਕ 24-25 : ਇਸ ਤਰ੍ਹਾਂ (ਉਪਰ ਦੱਸੇ ਅਨੁਸਾਰ) ਜੋ ਮਨੁੱਖ ਉਪਦੇਸ਼ ਰਤਨ ਰੂਪੀ ਮਾਲਾ ਨੂੰ ਚੰਗੀ ਤਰ੍ਹਾਂ ਗਲ ਵਿਚ ਧਾਰਨ ਕਰਦਾ ਹੈ। ਉਹ ਮਨੁੱਖ ਸ਼ਿਵ (ਮੋਕਸ਼) ਸੁੱਖ (ਆਤਮਿਕ ਸੁੱਖ) ਲਕਸ਼ਮੀ (ਮੋਕਸ਼) ਨੂੰ ਆਪਣੀ ਇੱਛਾ ਅਨੁਸਾਰ ਪ੍ਰਾਪਤ ਕਰਦਾ ਹੈ। ਇਹ ਤਿੰਨੇ ਵਸਤਾਂ ਉਸ ਦੀ ਛਾਤੀ ਤੇ ਉਸ ਦੀ ਆਪਣੀ ਇੱਛਾ ਅਨੁਸਾਰ ਨਿਵਾਸ ਕਰਦੀਆਂ ਹਨ।

ਇਸ ਤਰ੍ਹਾਂ ਪਦਮ ਜਿਨੇਸ਼ਵਰ ਸੂਰੀ ਜੀ ਦੇ ਵਚਨ ਦੀ ਰਚਨਾ ਬਹੁਤ ਹੀ ਰਮਨੀਕ ਅਤੇ ਵਿਸਥਾਰ ਇਸ ਉਪਦੇਸ਼ ਰੂਪੀ ਮਾਲਾ ਨੂੰ ਗੱਲ ਵਿਚ ਧਾਰਨ ਕਰਨ ਵਾਲਾ ਮਨੁੱਖ ਕਦੇ ਵੀ ਦੁਖੀ ਨਹੀਂ ਹੋਵੇਗਾ।

उवएस रयेण मालं जो एवं ठवइ सुट्ठु निअकंठे ।
से नर सिव सुहलच्छी वच्छयेल रमई सत्थाइ ।।२५।।
ए अं पउमजिणेसर सूरि वयणगुंफ रम्मिअं वहउ
भव्य जणो कंठ गयं धिउलं उवएस माल गिणं ।।२६।।

ਟੀਕਾ : ਸਲੋਕ 25-26 ਵਿਚ ਗ੍ਰੰਥਕਾਰ ਸ਼੍ਰੀ ਪਦਮ ਜਿਨੇਸ਼ਵਰ ਸੂਰੀ ਜੀ ਮਹਾਰਾਜ ਨੇ ਆਪਣੇ ਗ੍ਰੰਥ ਦਾ ਮਹੱਤਵ ਦੱਸਿਆ ਹੈ। ਉਹ ਆਖਦੇ ਹਨ ਕਿ ਜੋ ਮਨੁੱਖ ਇਸ ਉਪਦੇਸ਼ ਰਤਨ ਮਾਲਾ ਨੂੰ ਚੰਗੀ ਤਰ੍ਹਾਂ ਗਲ ਵਿਚ ਧਾਰਨ ਕਰਦਾ ਹੈ, ਉਸ ਨੂੰ ਤਿੰਨ ਫਲਾਂ ਦੀ ਪ੍ਰਾਪਤੀ ਉਸੇ ਸਮੇਂ ਹੁੰਦੀ ਹੈ। ਪਹਿਲਾ ਹੈ ਮੋਕਸ਼। ਉਸ ਦੀ ਆਤਮਾ ਜਨਮ ਮਰਨ ਤੇ ਬੰਧਨ ਤੋਂ ਛੁਟਕਾਰਾ ਪਾ ਲੈਂਦੀ

ਹੈ। ਜੋ ਸਿਵ ਪਦ ਲਈ ਆਤਮਾ ਨੇ ਵਾਰ ਜਨਮ ਮਰਨ ਪ੍ਰਾਪਤ ਕੀਤਾ ਹੈ। ਉਹ ਸ਼ਿਵ ਪਦ ਪ੍ਰਾਪਤ ਹੋ ਜਾਂਦਾ ਹੈ। ਦੂਸਰਾ ਫਲ ਹੈ ਸੱਚਾ ਆਤਮਿਕ ਸੁੱਖ। ਜਦ ਤੱਕ ਮਨੁੱਖ ਸੰਸਾਰ ਵਿਚ ਰਹਿੰਦਾ ਹੈ ਉਸ ਨੂੰ ਕਿਸੇ ਪ੍ਰਕਾਰ ਦਾ ਵੀ ਦੁੱਖ ਨਹੀਂ ਹੁੰਦਾ ਅਤੇ ਤੀਸਰਾ ਫਲ ਹੈ ਉਸ ਨੂੰ ਮੋਕਸ਼ ਰੂਪੀ ਲਕਸ਼ਮੀ ਦੀ ਪ੍ਰਾਪਤੀ ਹੁੰਦੀ ਹੈ। ਇਹ ਤਿੰਨੇ ਫਲਾਂ ਦਾ ਹਾਰ ਉਸ ਦੀ ਛਾਤੀ ਦੀ ਸ਼ੋਭਾ ਬਣਦਾ ਹੈ।

ਅਗਲੇ ਸ਼ਲੋਕ ਵਿਚ ਵੀ ਆਚਾਰਿਆ ਜੀ ਨੇ ਇਹੋ ਭਾਵ ਪ੍ਰਗਟਾਏ ਹਨ ਕਿ ਪਦਮ ਸ੍ਰੀ ਜਿਨੇਸ਼ਵਰ ਸੂਰੀ ਜੀ ਦੇ ਦਿਲ ਨੂੰ ਛੋਹਣ ਵਾਲੇ ਖੂਬਸੂਰਤ ਵਚਨਾਂ ਨੂੰ ਗਲ ਵਿਚ ਧਾਰਨ ਕਰੋ।